ਮਾਤਾ ਗੁਜਰੀ ਕਾਲਜ

ਸ੍ਰੀ ਫ਼ਤਹਿਗੜ੍ਹ ਸਾਹਿਬ

An Autonomous College

Reaccredited with 'A' Grade by NAAC

Covered under 'Star College Scheme' by DBT, GOI

Affiliated to Punjabi University, Patiala

MATA GUJRI COLLEGE
ਮੰਨੇ ਨਾਮੈ ਜਲਾ ਨਾਮੈ
SRI FATEHGARH SAHIB
AN AUTONOMOUS COLLEGE
ESTD. 1957

ਸ੍ਰੀ ਗੁਰੂ ਨਾਨਕ ਦੇਵ ਜੀ
ਦੇ 550ਵੇਂ
ਜਨਮ ਦਿਹਾੜੇ ਦੀ
ਲੱਖ-ਲੱਖ ਵਧਾਈ
ਹੋਵੇ ਜੀ

ਪ੍ਰਾਸਪੈਕਟਸ

2019-20

ਸਾਡੇ ਚਾਨਣ ਮੁਨਾਰੇ

ਪੂਜਨੀਕ ਮਾਤਾ ਗੁਜਰੀ ਜੀ

ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ

ਸਾਡੇ ਪੱਥ ਪ੍ਰਦਰਸ਼ਕ

ਭਾਈ ਗੋਬਿੰਦ ਸਿੰਘ ਲੋਂਗੋਵਾਲ

ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ

ਅਤੇ

ਪ੍ਰਧਾਨ, ਕਾਲਜ ਗਵਰਨਿੰਗ ਬਾਡੀ

ਸੰਦੇਸ਼

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏ ਕਾ॥
(ਭਾਈ ਗੁਰਦਾਸ ਜੀ)

ਸ੍ਰੀ ਫਤਹਿਗੜ੍ਹ ਸਾਹਿਬ ਦੀ ਮਹਾਨ ਧਰਤੀ ਉਪਰ ਸਥਾਪਿਤ ਮਾਤਾ ਗੁਜਰੀ ਕਾਲਜ ਉੱਤਰੀ ਭਾਰਤ ਦੀ ਸਿਰਮੌਰ ਵਿਦਿਅਕ ਸੰਸਥਾ ਹੈ।ਇਸ ਸੰਸਥਾ ਦਾ ਪ੍ਰਥਮ ਉਦੇਸ਼ ਰੌਸ਼ਨ ਦਿਮਾਗ ਨਾਗਰਿਕ ਪੈਦਾ ਕਰਨਾ ਹੈ ਜੋ ਭਵਿਖ ਵਿਚ ਆਉਣ ਵਾਲੀਆਂ ਸਮਾਜਿਕ, ਸਭਿਆਚਾਰਕ ਅਤੇ ਨੈਤਿਕ ਚੁਣੌਤੀਆਂ ਦਾ ਸਾਹਮਣਾ ਕਰ ਸਕਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਹੇਠ ਚੱਲ ਰਿਹਾ ਇਹ ਪੰਜਾਬ ਦਾ ਪਹਿਲਾ ਆਟੌਨੋਮਸ ਕਾਲਜ ਹੈ ਜੋ ਨੈਕ ਦੁਆਰਾ 'A' ਗ੍ਰੇਡ ਨਾਲ ਪੁਨਰ-ਪ੍ਰਮਾਣਿਤ ਹੋਇਆ ਹੈ।ਇਸ ਵਰ੍ਹੇ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੌਜੀ ਵਿਭਾਗ ਦੀ DBT ਵਲੋਂ 'ਸਟਾਰ ਕਾਲਜ ਸਕੀਮ' ਅਧੀਨ ਇਸ ਸੰਸਥਾ ਨੂੰ ਚੁਣਿਆ ਗਿਆ ਹੈ, ਜਿਸ ਨਾਲ ਸਾਇੰਸ ਵਿਸ਼ਿਆਂ ਦੇ ਵਿਦਿਆਰਥੀਆਂ ਦੀ ਗੁਣਵਤਾ ਹੋਰ ਵਧੇਗੀ ਅਤੇ ਉਹਨਾਂ ਨੂੰ ਸਾਇੰਸ ਦੇ ਆਧੁਨਿਕ ਉਪਕਰਣਾਂ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ।

ਆਪਣੇ 62 ਸਾਲਾਂ ਦੇ ਸ਼ਾਨਾਮੱਤੇ ਪੈਂਡੇ ਦੌਰਾਨ ਇਸ ਕਾਲਜ ਨੇ ਵਿਦਿਅਕ ਅਤੇ ਸਹਿ-ਵਿਦਿਅਕ ਖੇਤਰਾਂ ਵਿਚ ਗੌਰਵਮਈ ਪ੍ਰਾਪਤੀਆਂ ਕਰਕੇ ਸਾਹਿਤ, ਕਲਾ, ਰਾਜਨੀਤੀ, ਨਿਆਂ-ਪਾਲਿਕਾ, ਪ੍ਰਸ਼ਾਸ਼ਨ ਅਤੇ ਖੇਡ-ਜਗਤ ਨੂੰ ਅਨੇਕਾਂ ਸ਼ਾਹ-ਅਸਵਾਰ ਅਰਪਿਤ ਕੀਤੇ ਹਨ।

ਵਿਦਿਆਰਥੀਆਂ ਦੀ ਆਲਮੀ ਪੱਧਰ 'ਤੇ ਸਫਲਤਾ ਨਿਸਚਿਤ ਕਰਨ ਲਈ ਕਾਲਜ ਵਿਚ 23 ਅੰਡਰ-ਗ੍ਰੈਜੂਏਟ ਕੋਰਸ, 28 ਪੋਸਟ-ਗ੍ਰੈਜੂਏਟ ਕੋਰਸ, 4 ਵੋਕੇਸ਼ਨਲ ਕੋਰਸ, 2 ਜੌਬ ਓਰੀਐਂਟਡ ਐਡ-ਆਨ ਕੋਰਸ ਅਤੇ ਕਮਿਊਨਟੀ ਕਾਲਜ ਸਕੀਮ ਅਧੀਨ ਡੇਅਰੀ ਸਾਇੰਸ ਦਾ ਡਿਪਲੋਮਾ ਕੋਰਸ ਸਫਲਤਾ ਪੂਰਵਕ ਚਲ ਰਹੇ ਹਨ। ਇਸ ਸਾਲ ਬੀ. ਵਾਕ. ਨਰਸਰੀ ਮੈਨੇਜਮੈਂਟ ਅਤੇ ਫੂਡ ਪ੍ਰੋਸੈਸਿੰਗ ਦੇ ਨਵੇਂ ਕੋਰਸ ਯੂ. ਜੀ. ਸੀ. ਵਲੋਂ ਸ਼ੁਰੂ ਕੀਤੇ ਗਏ ਹਨ।

ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਅਤੇ ਉਹਨਾਂ ਦਾ ਭਵਿੱਖ ਉੱਜਵਲ ਬਣਾਉਣ ਲਈ ਕਾਲਜ ਵਿੱਚ ਕੈਰੀਅਰ ਗਾਈਡੈਂਸ, ਖੇਡਾਂ, ਐਨ.ਐਸ.ਐਸ., ਐਨ.ਸੀ.ਸੀ., ਯੂਥ ਕੱਲਬ , ਰੈੱਡ ਕਰਾਸ ਅਤੇ ਹੋਰ ਸਹਿ-ਵਿਦਿਅਕ ਗਤੀਵਿਧੀਆਂ ਦਾ ਸੁਯੋਗ ਪ੍ਰੰਬਧ ਹੈ।

ਮੈਂ ਕਾਲਜ ਵਿਚ ਦਾਖਲ ਹੋਣ ਜਾ ਰਹੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦਾ ਹੋਇਆ ਆਸ ਕਰਦਾ ਹਾਂ ਕਿ ਉਹ ਮਿਹਨਤ ਅਤੇ ਲਗਨ ਨਾਲ ਕਾਮਯਾਬੀ ਦੀਆਂ ਬੁਲੰਦੀਆਂ ਸਰ ਕਰਦੇ ਹੋਏ ਮਾਤਾ ਗੁਜਰੀ ਕਾਲਜ ਦਾ ਨਾਮ ਹੋਰ ਰਸ਼ਨਾਉਣਗੇ।

ਆਓ! ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਜਨਮ ਦਿਹਾੜੇ ਦੇ ਪਾਵਨ ਮੌਕੇ 'ਵਿਦਿਆ ਵੀਚਾਰੀ ਤਾ ਪਰਉਪਕਾਰੀ' ਮਹਾਂਵਾਕ ਅਨੁਸਾਰ ਵਿਦਿਆ ਵਿਚਾਰਨ ਦਾ ਪਾਵਨ ਕਰੱਤਵ ਨਿਭਾਉਂਦੇ ਹੋਏ ਖੁਸ਼ਹਾਲ ਸਮਾਜ ਦੀ ਸਿਰਜਣਾ ਵਿਚ ਆਪਣਾ ਬਣਦਾ ਯੋਗਦਾਨ ਪਾਈਏ।

(ਡਾ. ਕਸ਼ਮੀਰ ਸਿੰਘ)
ਡਾਇਰੈਕਟਰ-ਪ੍ਰਿੰਸੀਪਲ

ਜ਼ਰੂਰੀ ਸੂਚਨਾਵਾਂ

(ੳ) **ਵਿਦਿਆਰਥੀ ਦਾਖ਼ਲਾ ਫ਼ਾਰਮ ਜਮ੍ਹਾਂ ਕਰਵਾਉਣ ਤੋਂ ਪਹਿਲਾਂ ਪ੍ਰਾਸਪੈਕਟਸ ਵਿਚ ਦਰਸਾਏ ਦਾਖ਼ਲੇ ਸਬੰਧੀ ਅਤੇ ਹੋਰ ਨਿਯਮ ਧਿਆਨ ਨਾਲ ਪੜ੍ਹ ਲੈਣ।** ਦਾਖ਼ਲਾ ਨਿਰੋਲ ਮੈਰਿਟ ਦੇ ਅਧਾਰ 'ਤੇ ਹੋਵੇਗਾ।

(ਅ) **ਦਾਖ਼ਲੇ ਲਈ ਅਰਜ਼ੀ ਪ੍ਰਾਸਪੈਕਟਸ ਨਾਲ ਲੱਗੇ ਦਾਖ਼ਲਾ ਫਾਰਮ 'ਤੇ ਦਿੱਤੀ ਜਾ ਸਕਦੀ ਹੈ। ਪ੍ਰਾਸਪੈਕਟਸ ਕਾਲਜ ਲਾਇਬ੍ਰੇਰੀ/ਦਫ਼ਤਰ ਵਿਚੋਂ 300/- ਰੁਪਏ ਦੇ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ ਜਾਂ ਕਾਲਜ ਦੀ ਵੈਬਸਾਈਟ www.matagujricollege.org 'ਤੇ ਜਾ ਕੇ Apply online ਉਪਰ ਕਲਿੱਕ ਕਰ ਕੇ ਆਨ ਲਾਈਨ ਅਪਲਾਈ ਕੀਤਾ ਜਾ ਸਕਦਾ ਹੈ। ਆਨ ਲਾਈਨ ਅਪਲਾਈ ਕਰਨ ਤੋਂ ਬਾਅਦ ਵਿਦਿਆਰਥੀ ਦਾ ਦਾਖਲਾ ਕਮੇਟੀ ਅੱਗੇ ਪੇਸ਼ ਹੋਣਾ ਲਾਜਮੀ ਹੈ।**

(ੲ) ਦਾਖ਼ਲੇ ਲਈ ਫਾਰਮ ਵੈਬਸਾਈਟ **www.matagujricollege.org** ਤੋਂ ਵੀ **Download** ਕੀਤਾ ਜਾ ਸਕਦਾ ਹੈ। Download ਕੀਤੇ ਫਾਰਮ ਲਈ 300/- ਰੁਪਏ ਕਾਲਜ ਦਫ਼ਤਰ ਵਿਚ ਕੈਸ਼ ਜਮ੍ਹਾਂ ਕਰਵਾਉਣਾ ਜਾਂ ਬੈਂਕ ਡਰਾਫਟ **ਪ੍ਰਿੰਸੀਪਲ, ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ** ਦੇ ਨਾਂ 'ਤੇ ਭੇਜਣਾ ਲਾਜ਼ਮੀ ਹੈ। ਉਪਰੋਕਤ ਫੀਸ ਭਰੇ ਬਗੈਰ Download ਕੀਤਾ ਫਾਰਮ ਰੱਦ ਸਮਝਿਆ ਜਾਵੇਗਾ।

ਦਾਖ਼ਲਾ ਸਾਰਣੀ

ਇੰਟਰਵਿਊ ਦਾ ਸਮਾਂ ਰੋਜ਼ 9:30 ਵਜੇ ਸਵੇਰੇ ਹੋਵੇਗਾ।

ਕਲਾਸ	ਫਾਰਮ ਜਮ੍ਹਾਂ ਕਰਨ ਦੀ ਮਿਤੀ	ਇੰਟਰਵਿਊ ਦੀ ਮਿਤੀ
ਬੀ.ਐਸਸੀ. ਸਮੈਸਟਰ – ਪਹਿਲਾ (ਮੈਡੀਕਲ, ਨਾਨ–ਮੈਡੀਕਲ)	10–06–2019	14–06–2019
ਬੀ.ਏ. – ਸਮੈਸਟਰ ਪਹਿਲਾ (ਲੜਕੀਆਂ)	19–06–2019	21–06–2019
ਬੀ.ਏ. – ਸਮੈਸਟਰ ਪਹਿਲਾ (ਲੜਕੇ)	19–06–2019	24–06–2019
ਐਮ.ਏ. – ਇਕਨਾਮਿਕਸ	08–07–2019	12–07–2019

ਦੂਜੇ ਅਤੇ ਤੀਜੇ ਭਾਗ ਦੀਆਂ ਕਲਾਸਾਂ ਦਾ ਦਾਖ਼ਲਾ 15–07–2019 ਤੋਂ 22–07–2019 ਤੱਕ ਹੋਵੇਗਾ।

ਕਾਲਜ ਵਿਚ ਉਪਲਬਧ ਹੋਰ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸ

(ਪ੍ਰੋਫੈਸ਼ਨਲ/ਵੋਕੇਸ਼ਨਲ/ਐਮ.ਬੀ.ਏ./ਐਮ.ਸੀ.ਏ. ਅਤੇ ਪੀ.ਜੀ. ਕੋਰਸਾਂ ਦੇ ਦਾਖ਼ਲੇ ਲਈ ਵੱਖਰਾ ਪ੍ਰਾਸਪੈਕਟਸ ਅਤੇ ਵੱਖਰਾ ਦਾਖ਼ਲਾ ਫ਼ਾਰਮ ਹੈ)

Post Graduate Degree Courses

- M.Sc. Zoology
- M.Sc. Agriculture (Horticulture - Fruit Sci.)
- M.Sc. Agriculture (Genetics & Plant Breeding)
- M.Sc. Agriculture (Agronomy)
- M.Sc. Agriculture (Soil Science)
- M.Sc. Agriculture (Horticulture-Vegetable Sci)
- M.Sc. (Hons.) Bio-Technology
- M.Sc. (Hons.) Micro-Biology
- M.Sc. Botany
- M.Sc. (Hons.) Food Technology
- M.Sc. Information Technology
- M.Sc. Information Technology (Lateral Entry)
- M.Sc. Physics
- M.Sc. Chemistry
- M.Sc. Mathematics
- Master of Business Administration (M.B.A.)
- Master of Computer Application (M.C.A.)
- M.Com.
- M.A. Journalism & Mass Comm.
- M.A. Economics, History, English, Punjabi, Fine Arts
- M.A. Political Science, Music (Vocal), Psychology

Post Graduate Diploma Course

- Post Graduate Diploma in Computer Applications (P.G.D.C.A.)

Community College (Sponsored by UGC)

- Diploma in Dairy Sciences .

Under Graduate Degree Courses

- B.Sc. (Hons.) Chemistry, Botany, Mathematics, Physics, Zoology,
- B.Sc. (Hons.) Agriculture
- B.Sc. (Computer, Statistics & Maths)
- B.Sc. (Hons.) Bio-Tech.
- Bachelor of Science (B.Sc.) Medical & Non-Medical
- Bachelor of Business Administration (B.B.A.)
- Bachelor of Computer Application (B.C.A.)
- B.Com (Hons.)
- B.Com (Accounting & Finance)
- B.Com
- B.A. (Journalism and Mass Communication)
- B.A. (Hons.) English, Economics
- B.A. (with 20 Elective Subjects)

Vocational Courses (Sponsored by UGC)

- B. Vocational (Retail Management)
- B. Vocational (Software Development)
- B. Vocational (Nursery Management)
- B. Vocational (Food Processing)

Job Oriented Add On Courses (At Under Graduate Level)

- Floriculture
- Seed Technology

Short Term Skill Development Course

- Computer Fundamentals

ਮਾਤਾ ਗੁਜਰੀ ਕਾਲਜ ਦੇ ਬਾਨੀ

(1906–1973)

ਮਹਾਨ ਵਿੱਦਿਆ ਦਾਨੀ

ਬੀਬੀ ਗੁਰਬਚਨ ਕੌਰ ਮਾਨ ਜੀ

ਸਮੁੱਚੀ ਲੋਕਾਈ ਦੀ ਰਹਿਨੁਮਾ, ਪਵਿੱਤਰ ਗੁਰਬਾਣੀ ਦੇ ਮਹਾਂਵਾਕ "ਵਿਦਿਆ ਵੀਚਾਰੀ ਤਾ ਪਰਉਪਕਾਰੀ" ਤੋਂ ਪ੍ਰੇਰਿਤ ਹੋ ਕੇ ਸੰਨ 1957 ਵਿੱਚ ਨੇਤਰਹੀਣ ਬੀਬੀ ਗੁਰਬਚਨ ਕੌਰ ਮਾਨ ਜੀ ਦੁਆਰਾ ਵਿੱਦਿਆ ਦੇ ਇੱਕ ਮੰਦਰ (ਮਾਤਾ ਗੁਜਰੀ ਕਾਲਜ) ਦੀ ਕੀਤੀ ਗਈ ਸਥਾਪਨਾ ਉਨ੍ਹਾਂ ਦੇ ਮਹਾਨ ਪਰਉਪਕਾਰੀ ਵਿਅਕਤਿੱਤਵ, ਸਮਰਪਣ ਭਾਵ ਅਤੇ ਵਿੱਦਿਆ ਦੇ ਖੇਤਰ ਵਿੱਚ ਪਾਏ ਗਏ ਵੱਡਮੁੱਲੇ ਯੋਗਦਾਨ ਦੀ ਮੂੰਹ ਬੋਲਦੀ ਤਸਵੀਰ ਹੈ। ਬੀਬੀ ਜੀ ਨੇ 1957 ਤੋਂ 1965 ਈ. ਤੱਕ ਇਸ ਸੰਸਥਾ ਨੂੰ ਪੱਬਾਂ ਭਾਰ ਕਰਨ ਲਈ ਮਹਾਨ ਸਿੱਖਿਆ ਸ਼ਾਸਤਰੀ ਦਾ ਰੋਲ ਅਦਾ ਕੀਤਾ। ਆਪ ਜੀ ਨੇ ਵਿੱਦਿਅਕ ਸਾਲ 1964–65 ਦੇ ਅੰਤਲੇ ਮਹੀਨਿਆਂ ਦੌਰਾਨ ਇਸ ਕਾਲਜ ਦਾ ਸਮੁੱਚਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਨੂੰ ਸੌਂਪ ਦਿਤਾ।

ਮਾਤਾ ਗੁਜਰੀ ਕਾਲਜ

ਵੇਰਵਾ ਪੱਤਰ 2019-20

ਸਥਾਪਨਾ ਅਤੇ ਵਿਕਾਸ:

62 ਵਰ੍ਹੇ ਪਹਿਲਾਂ ਮਾਤਾ ਗੁਜਰੀ ਕਾਲਜ ਦੀ ਸਥਾਪਨਾ ਸੁਜਾਖਿਆਂ ਦੇ ਰਾਹ ਦਸੇਰਾ, ਮਹਾਨ ਵਿੱਦਿਆ ਦਾਨੀ ਸਵਰਗਵਾਸੀ ਬੀਬੀ ਗੁਰਬਚਨ ਕੌਰ ਮਾਨ ਜੀ ਦੇ ਯਤਨਾਂ ਸਦਕਾ ਮਾਲਵੇ ਅਤੇ ਪੁਆਧ ਵਿਚਕਾਰ ਸਥਿਤ ਇਲਾਕੇ ਵਿਚ ਚਾਨਣ ਫੈਲਾਉਣ ਲਈ ਹੋਈ। ਮਹਾਨ ਮਾਤਾ ਗੁਜਰੀ ਜੀ ਦੇ ਪਾਕੀਜ਼ਾ ਨਾਮ ਨਾਲ ਸੰਬੰਧਿਤ ਇਹ ਕਾਲਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਵਾਰ ਸਿੰਘ ਅਤੇ ਬਾਬਾ ਫ਼ਤਹਿ ਸਿੰਘ ਜੀ ਦੇ ਸ਼ਹੀਦੀ ਸਥਾਨ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਸਾਹਮਣੇ ਸਥਿਤ ਹੈ। ਇਹ ਅਜਿਹਾ ਗੌਰਵ ਭਰਿਆ ਇਤਿਹਾਸਕ ਸਥਾਨ ਹੈ, ਜਿਹੜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੀ ਅਦੁੱਤੀ ਕੁਰਬਾਨੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਹਜ਼ਾਰਾਂ ਸਾਥੀ ਸਿੰਘਾਂ ਦੀ ਜਬਰ ਉੱਤੇ ਜਿੱਤ ਦੀ ਯਾਦ ਸਾਡੇ ਦਿਲਾਂ ਵਿਚ ਹਰਦਮ ਤਾਜ਼ਾ ਕਰਦਾ ਹੈ। ਮਾਤਾ ਗੁਜਰੀ ਜੀ ਨੂੰ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਬੇਸ਼ਕੀਮਤੀ ਹੀਰਿਆਂ ਤੋਂ ਵੀ ਵੱਧ ਚਮਕਦਾਰ ਪੋਤਰਿਆਂ ਦੀ ਦਾਦੀ ਮਾਂ ਹੋਣ ਦਾ ਹੀ ਨਹੀਂ ਸਗੋਂ ਸਮੁੱਚੇ ਸਿੱਖ ਜਗਤ ਦੀ ਮਾਂ ਹੋਣ ਦਾ ਮਾਣ ਹਾਸਲ ਹੈ। ਮਾਤਾ ਗੁਜਰੀ ਜੀ ਦਾ ਵਿਅਕਤਿੱਤਵ, ਸਬਰ, ਸੰਤੋਖ, ਪਿਆਰ, ਤਿਆਗ, ਸਿਦਕ ਅਤੇ ਅਦੁੱਤੀ ਕੁਰਬਾਨੀ ਦੇ ਤੇਜੱਸਵੀ ਨੂਰ ਨਾਲ ਜਗਮਗਾਉਂਦਾ ਮਹਾਨ ਚਰਿੱਤਰ ਅਤੇ ਜੀਵਨ-ਸਫ਼ਰ ਸਿੱਖ ਕੌਮ ਲਈ ਹੀ ਨਹੀ ਸਗੋਂ ਸਮੁੱਚੀ ਮਾਨਵਤਾ ਲਈ ਚਾਨਣ-ਮੁਨਾਰਾ ਅਤੇ ਪ੍ਰੇਰਨਾ-ਸ੍ਰੋਤ ਹੈ। ਔਰਤ ਦੇ ਤਿੰਨ ਰੂਪਾਂ (ਪਤਨੀ, ਮਾਂ ਅਤੇ ਦਾਦੀ ਮਾਂ) ਨੂੰ ਮਾਣਮੱਤੇ ਢੰਗ ਨਾਲ ਜਿਊਂਦਿਆਂ ਅਤੇ ਇਨ੍ਹਾਂ ਨਾਲ ਪੂਰਨ ਨਿਆਂ ਕਰਦਿਆਂ ਮਾਤਾ ਗੁਜਰੀ ਜੀ ਨੇ ਮਨੁੱਖੀ ਗੌਰਵ ਅਤੇ ਜੀਵਨ-ਹੋਂਦ ਦੀਆਂ ਜਿਹੜੀਆਂ ਉਚੀਆਂ-ਸੁੱਚੀਆਂ ਸਿਖ਼ਰਲੀਆਂ ਟੀਸੀਆਂ ਨੂੰ ਛੋਹਿਆ ਹੈ, ਉਹ ਨਿਰਸੰਦੇਹ ਲਾਸਾਨੀ ਅਤੇ ਅਛੋਹ ਹਨ। ਸੱਚ, ਅਣਖ, ਸ਼ਹੀਦੀ, ਕੁਰਬਾਨੀ ਅਤੇ ਬਹਾਦਰੀ ਦੀ ਆਵਾਜ਼ ਰਹਿੰਦੀ ਦੁਨੀਆ ਤੱਕ ਇਸ ਪਾਕਿ ਸਥਾਨ ਦੇ ਭੌਤਿਕ ਅਤੇ ਸਮਾਜਿਕ ਵਾਤਾਵਰਨ ਵਿਚ ਗੂੰਜਦੀ ਮਹਿਸੂਸ ਹੁੰਦੀ ਰਹੇਗੀ।ਉਚੇਰੀ ਵਿੱਦਿਆ ਦੀ ਇਸ ਪ੍ਰਮੁੱਖ ਸੰਸਥਾ ਵਿੱਚ ਵਿੱਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੇ ਪੜ੍ਹਾਈ, ਖੇਡਾਂ, ਸੱਭਿਆਚਾਰਕ ਸਰਗਰਮੀਆਂ ਅਤੇ ਹੋਰ ਖੇਤਰਾਂ ਵਿਚ ਫ਼ਖਰਯੋਗ ਪ੍ਰਾਪਤੀਆਂ ਕੀਤੀਆਂ ਹਨ। ਕਾਲਜ ਨੇ ਪੰਥ ਰਤਨ ਸਵਰਗਵਾਸੀ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਦੀ ਸੁਯੋਗ ਰਹਿਨੁਮਾਈ ਹੇਠ ਉੱਚ ਵਿੱਦਿਆ ਦੇ ਖੇਤਰ ਵਿਚ ਨਵੇਂ ਕੀਰਤੀਮਾਨ ਸਥਾਪਿਤ ਕੀਤੇ ਅਤੇ ਉਹਨਾਂ ਦੇ ਵਿਸ਼ੇਸ਼ ਯੋਗਦਾਨ ਸਦਕਾ ਵਿਕਾਸ ਦੀਆਂ ਬੁਲੰਦੀਆਂ ਨੂੰ ਛੂਹਿਆ।

ਮਾਤਾ ਗੁਜਰੀ ਕਾਲਜ ਸਿੱਖ ਪੰਥ ਦੀ ਅਜ਼ੀਮ ਸਖਸ਼ੀਅਤ ਭਾਈ ਗੋਬਿੰਦ ਸਿੰਘ ਲੋਂਗੋਵਾਲ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ, ਦੂਰ-ਅੰਦੇਸ਼ੀ, ਦਿਸ਼ਾ ਨਿਰਦੇਸ਼ਾਂ ਅਤੇ ਸੁਯੋਗ ਅਗਵਾਈ ਅਧੀਨ ਲਗਤਾਰ ਬੁਲੰਦੀਆਂ ਛੂਹ ਰਿਹਾ ਹੈ। ਇਲਾਕੇ ਦੇ ਉੱਘੇ ਸਮਾਜ ਸੇਵਕ ਸ੍ਰ. ਰਣਜੀਤ ਸਿੰਘ ਲਿਬੜਾ ਆਨਰੇਰੀ ਸਕੱਤਰ, ਕਾਲਜ ਪ੍ਰਬੰਧਕ ਕਮੇਟੀ ਇਸ ਸੰਸਥਾ ਨੂੰ ਯੋਗ ਅਤੇ ਸੁਚੱਜੀ ਅਗਵਾਈ ਦੇ ਰਹੇ ਹਨ। ਮਹਾਨ ਇਤਿਹਾਸਕ ਵਿਰਸੇ ਦੀ ਪ੍ਰੇਰਨਾ, ਉਪਰੋਕਤ ਸ਼ਖ਼ਸੀਅਤਾਂ ਦੀ ਸੁਚੱਜੀ ਅਗਵਾਈ ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣਾਂ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦੇ ਪੂਰਨ ਸਹਿਯੋਗ ਸਦਕਾ ਇਹ ਕਾਲਜ ਹਰ ਖੇਤਰ ਵਿਚ ਵਿਕਾਸ ਕਰ ਰਿਹਾ ਹੈ।

ਵਿਸ਼ੇਸ਼ ਤੱਥ:

ਵਿੱਦਿਅਕ ਸਾਲ 2010-11 ਤੋਂ ਇਹ ਕਾਲਜ ਯੂ.ਜੀ.ਸੀ. ਨਿਯਮਾਂ ਤਹਿਤ ਆਟੋਨੋਮਸ ਕਾਲਜ (Autonomous College) ਵਜੋਂ ਕਾਰਜਸ਼ੀਲ ਹੈ। ਪੰਜਾਬ ਦੇ ਸਾਰੇ ਕਾਲਜਾਂ ਵਿਚੋਂ ਮਾਤਾ ਗੁਜਰੀ ਕਾਲਜ ਵਿਚ ਸਭ ਤੋਂ ਵੱਧ ਪੋਸਟ ਗ੍ਰੈਜੂਏਟ ਅਤੇ ਅੰਡਰ ਗ੍ਰੈਜੂਏਟ ਕੋਰਸ ਵਿਦਿਆਰਥੀਆਂ ਲਈ ਉਪਲੱਬਧ ਹਨ। ਇਹ ਕਾਲਜ ਭਾਰਤ ਵਿਚ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਵਿੱਚ ਨਿਵੇਕਲੀ ਅਤੇ ਵਿਸ਼ੇਸ਼ ਪਛਾਣ ਰੱਖਦਾ ਹੈ। **ਇਸ ਵਰ੍ਹੇ ਭਾਰਤ ਸਰਕਾਰ ਦੇ ਸਾਇੰਸ ਅਤੇ ਟੈਕਨਾਲੌਜੀ ਵਿਭਾਗ ਦੀ DBT ਵਲੋਂ 'ਸਟਾਰ ਕਾਲਜ ਸਕੀਮ' ਅਧੀਨ ਇਸ ਸੰਸਥਾ ਨੂੰ ਚੁਣਿਆ ਗਿਆ ਹੈ, ਜਿਸ ਨਾਲ ਸਾਇੰਸ ਵਿਸ਼ਿਆਂ ਦੇ ਵਿਦਿਆਰਥੀਆਂ ਦੀ ਗੁਣਵਤਾ ਹੋਰ ਵਧੇਗੀ ਅਤੇ ਉਹਨਾਂ ਨੂੰ ਸਾਇੰਸ ਦੇ ਆਧੁਨਿਕ ਉਪਕਰਣਾਂ ਨਾਲ ਕੰਮ ਕਰਨ ਦਾ ਮੌਕਾ ਮਿਲੇਗਾ।**

ਇਸ ਕਾਲਜ ਦਾ ਵਿਸ਼ਾਲ ਕੈਂਪਸ ਸਾਫ-ਸੁਥਰੇ, ਸਿਹਤਮੰਦ ਅਤੇ ਖੁੱਲ੍ਹੇ-ਡੁੱਲ੍ਹੇ ਵਾਤਾਵਰਨ ਵਿਚ ਸਥਿਤ ਹੈ। ਇਸ ਵਿਚ ਬੀਬੀ ਗੁਰਬਚਨ ਕੌਰ ਮਾਨ ਸਾਇੰਸ ਬਲਾਕ, ਦੀਵਾਨ ਟੋਡਰ ਮੱਲ ਕਮਰਸ ਬਲਾਕ, ਬਾਬਾ ਮੋਤੀ ਰਾਮ ਮਹਿਰਾ ਅਤਿ ਆਧੁਨਿਕ ਮੈਨੇਜਮੈਂਟ ਐਂਡ ਕੰਪਿਊਟਰ ਬਲਾਕ, ਭਾਈ ਵੀਰ ਸਿੰਘ ਬਲਾਕ, ਮਹਾਰਾਣੀ ਜਿੰਦਾਂ ਸ਼ੋਸ਼ਲ ਸਾਇੰਸ ਬਲਾਕ, ਨਵਾਬ ਜੱਸਾ ਸਿੰਘ ਆਹਲੂਵਾਲੀਆ ਲਾਇਬਰੇਰੀ, ਅਤਿ ਆਧੁਨਿਕ ਉਪਕਰਣਾਂ ਨਾਲ ਲੈਸ ਪ੍ਰਯੋਗਸ਼ਾਲਾਵਾਂ, ਬਾਬਾ ਅਜੇ ਸਿੰਘ ਲੜਕਿਆਂ ਅਤੇ ਬੇਬੇ ਨਾਨਕੀ ਜੀ, ਮਾਤਾ ਤ੍ਰਿਪਤਾ ਜੀ ਅਤੇ ਮਾਤਾ ਜੀਤੋ ਜੀ ਲੜਕੀਆਂ ਦੇ ਹੋਸਟਲ, ਭਾਈ ਘਨ੍ਹੱਈਆ ਜੀ ਕੰਟੀਨ ਬਲਾਕ, ਪੰਥ ਰਤਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਬੰਧਕੀ ਬਲਾਕ, ਭਾਈ ਗੁਰਦਾਸ ਲਾਈਫ਼ ਸਾਇੰਸਜ਼ ਬਲਾਕ ਅਤੇ ਅਤਿ ਆਧੁਨਿਕ ਭਾਈ ਨੰਦ ਲਾਲ ਆਡੀਟੋਰੀਅਮ ਮੌਜੂਦ ਹਨ।

ਕਾਲਜ ਦੇ ਪ੍ਰਾਧਿਆਪਕ ਮੰਡਲ ਵਿਚ ਉੱਚ ਯੋਗਤਾ ਵਾਲੇ ਤਜ਼ਰਬੇਕਾਰ ਸਿੱਖਿਆ ਸ਼ਾਸਤਰੀ ਹਨ, ਜਿੰਨ੍ਹਾਂ ਦੀ ਲਗਨ ਅਤੇ ਅਣਥੱਕ ਮਿਹਨਤ ਸਦਕਾ ਇਹ ਕਾਲਜ ਪੰਜਾਬ ਦੇ ਹੀ ਨਹੀਂ ਸਗੋਂ ਭਾਰਤੀ ਉਪ-ਮਹਾਂਦੀਪ ਦੇ ਉੱਤਰ-ਪੱਛਮੀ ਖਿੱਤੇ ਦੇ ਸਿਰਕੱਢ ਕਾਲਜਾਂ ਵਿੱਚ ਗਿਣਿਆ ਜਾਂਦਾ ਹੈ।

1 ਦਾਖ਼ਲਾ ਲੈਣ ਸੰਬੰਧੀ ਨਿਯਮ

1.1 ਦਾਖ਼ਲਾ ਲੈਣ ਵਾਲੇ ਵਿਦਿਆਰਥੀ ਅਤੇ ਉਸ ਦੇ ਮਾਪਿਆਂ ਲਈ ਸਮੁੱਚੇ ਪ੍ਰਾਸਪੈਕਟਸ ਨੂੰ ਪੜ੍ਹਨਾ ਅਤੇ ਸਮਝਣਾ ਜ਼ਰੂਰੀ ਹੈ। ਕਿਸੇ ਨਿਯਮ/ ਜਾਣਕਾਰੀ ਸੰਬੰਧੀ ਅਗਿਆਨਤਾ / ਨਾ ਵਾਕਫ਼ੀ ਕੋਈ ਬਹਾਨਾ ਨਹੀ ਮੰਨਿਆ ਜਾਵੇਗਾ।

1.2 ਮਾਪੇ ਅਤੇ ਵਿਦਿਆਰਥੀ ਫੀਸਾਂ ਸੰਬੰਧੀ ਵੇਰਵੇ ਚੰਗੀ ਤਰ੍ਹਾਂ ਪੜ੍ਹ ਅਤੇ ਸਮਝ ਲੈਣ। ਫੀਸ ਅਦਾ ਕਰਨ ਦੀ ਪੂਰੀ ਜ਼ਿੰਮੇਵਾਰੀ ਮਾਪੇ/ ਸਰਪ੍ਰਸਤ ਦੀ ਹੋਵੇਗੀ। ਮਾਪੇ ਕਾਲਜ ਫੀਸ, ਹਾਜ਼ਰੀਆਂ ਜਾਂ ਵਿਦਿਆਰਥੀ ਨਾਲ ਸਬੰਧਿਤ ਜਾਣਕਾਰੀ ਕਾਲਜ ਵਿਚ ਆ ਕੇ ਸੰਬੰਧਿਤ ਵਿਭਾਗ ਦੇ ਮੁਖੀ/ ਦਫ਼ਤਰ/ ਵੈੱਬਸਾਈਟ ਤੋਂ ਪ੍ਰਾਪਤ ਕਰ ਸਕਦੇ ਹਨ।

1.3 ਦਾਖ਼ਲਾ ਫਾਰਮ ਸਾਫ਼-ਸੁਥਰਾ ਭਰਿਆ ਹੋਣਾ ਚਾਹੀਦਾ ਹੈ ਅਤੇ ਉਸ ਨਾਲ ਹੇਠ ਦਿੱਤੇ ਸਰਟੀਫਿਕੇਟਾਂ ਦੀਆਂ ਖੁਦ ਤਸਦੀਕ (Self Attested) ਕੀਤੀਆਂ ਕਾਪੀਆਂ ਨੱਥੀ ਹੋਣੀਆਂ ਚਾਹੀਦੀਆਂ ਹਨ:

ੳ) ਪਿਛਲੀ ਪ੍ਰੀਖਿਆ ਪਾਸ ਕਰਨ ਦਾ ਯੂਨੀਵਰਸਿਟੀ/ ਕਾਲਜ/ ਬੋਰਡ ਦਾ ਸਰਟੀਫਿਕੇਟ।

ਅ) ਜਨਮ ਮਿਤੀ ਦੇ ਸਬੂਤ ਦਾ ਸਰਟੀਫਿਕੇਟ।

ੲ) ਪਿਛਲੀ ਸੰਸਥਾ/ ਸਕੂਲ ਦੁਆਰਾ ਦਿੱਤੇ ਚਾਲ ਚਲਣ ਦਾ ਸਰਟੀਫਿਕੇਟ (ਅਸਲ)।

ਸ) ਅਨੁਸੂਚਿਤ ਜਾਤੀਆਂ ਜਾਂ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਹੋਣ ਦੇ ਸਬੂਤ ਦਾ ਸਰਟੀਫਿਕੇਟ (ਅਸਲ)।

ਹ) ਕਿਸੇ ਦੂਜੀ ਯੂਨੀਵਰਸਿਟੀ/ਬੋਰਡ ਤੋਂ ਪ੍ਰਵਾਸ (Migration) ਕਰਵਾ ਕੇ ਆਉਣ ਵਾਲੇ ਵਿਦਿਆਰਥੀਆਂ ਲਈ ਲੋੜੀਂਦਾ ਨਿਰਧਾਰਿਤ ਪ੍ਰਵਾਸ ਸਰਟੀਫਿਕੇਟ।

ਕ) Gap Year ਸੰਬੰਧੀ ਲਿਖਤੀ ਵੇਰਵੇ ਦਾਖ਼ਲਾ ਫਾਰਮ ਤੇ ਸਪਸ਼ਟ ਤੌਰ 'ਤੇ ਦਿੱਤੇ ਜਾਣ।

ਖ) Residence Proof (ਰਿਹਾਇਸ਼ੀ ਸਬੂਤ ਜਿਵੇਂ : ਰਾਸ਼ਨ ਕਾਰਡ ਦੀ ਕਾਪੀ, ਵੋਟਰ ਕਾਰਡ, ਆਧਾਰ ਕਾਰਡ ਆਦਿ) ਜ਼ਰੂਰੀ ਹੈ।

1.4 ਪਾਸਪੋਰਟ ਸਾਈਜ਼ ਦੀਆਂ ਚਾਰ ਨਵੀਆਂ ਫੋਟੋਆਂ ਨਾਲ ਲੱਗੀਆਂ ਹੋਣ। ਦੋ ਸਟੈਂਪ ਸਾਇਜ਼ ਫੋਟੋਆਂ ਸ਼ਨਾਖ਼ਤੀ ਕਾਰਡ ਲਈ ਨਾਲ ਲੱਗੀਆਂ ਹੋਣ। ਸਿੱਖ ਵਿਦਿਆਰਥੀਆਂ (ਲੜਕਿਆਂ) ਲਈ ਪੱਗ ਵਾਲੀ ਫੋਟੋ ਲਗਾਉਣੀ ਜ਼ਰੂਰੀ ਹੈ। ਮਾਤਾ ਅਤੇ ਪਿਤਾ ਦੋਨਾਂ ਦੀਆਂ ਫੋਟੋਆਂ ਵੀ ਫਾਰਮ 'ਤੇ ਲਗਾਉਣੀਆਂ ਜ਼ਰੂਰੀ ਹਨ।

1.5 ਦਾਖ਼ਲੇ ਤੋਂ ਤੁਰੰਤ ਬਾਅਦ ਨਿਰਧਾਰਤ ਫੀਸ 24 ਘੰਟੇ ਅੰਦਰ ਜਮ੍ਹਾਂ ਕਰਵਾਉਣੀ ਹੋਵੇਗੀ ਨਹੀਂ ਤਾਂ ਦਾਖ਼ਲਾ ਰੱਦ ਕਰ ਦਿੱਤਾ ਜਾਵੇਗਾ।

1.6 ਵਿਦਿਆਰਥੀ ਲਈ ਦਾਖ਼ਲਾ ਫਾਰਮ ਹਰ ਪੱਖ ਤੋਂ ਮੁਕੰਮਲ ਕਰਕੇ ਨਿਸ਼ਚਿਤ ਮਿਤੀ ਤੱਕ ਕਾਲਜ ਦਫ਼ਤਰ ਵਿਚ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ। **ਬੀ.ਏ., ਬੀ.ਕਾਮ., ਬੀ.ਐਸਸੀ. ਸਮੈਸਟਰ ਪਹਿਲਾ ਵਿਚ ਦਾਖ਼ਲਾ ਲੈਣ ਵਾਲੇ ਹਰ ਵਿਦਿਆਰਥੀ ਲਈ ਦਾਖ਼ਲੇ ਸਮੇਂ ਆਪਣੇ ਮਾਤਾ/ਪਿਤਾ/ਸਰਪ੍ਰਸਤ ਨੂੰ ਨਾਲ ਲੈ ਕੇ ਆਉਣਾ ਜ਼ਰੂਰੀ ਹੈ।**

1.7 ਕਲਾਸਾਂ ਸ਼ੁਰੂ ਹੋਣ 'ਤੇ ਜੇ ਕੋਈ ਵਿਦਿਆਰਥੀ ਲਗਾਤਾਰ 10 ਦਿਨ ਕਲਾਸ ਵਿਚ ਹਾਜ਼ਰ ਨਹੀ ਹੁੰਦਾ ਤਾਂ ਉਸ ਦਾ ਦਾਖ਼ਲਾ ਖ਼ਾਰਜ ਹੋ ਜਵੇਗਾ।

1.8 ਸ਼ੈਸ਼ਨ ਦੌਰਾਨ ਜੇ ਕਿਸੇ ਵਿਦਿਆਰਥੀ ਦਾ ਕਿਸੇ ਕਾਰਨ ਨਾਮ ਕੱਟਿਆ ਜਾਂਦਾ ਹੈ ਤਾਂ ਉਹ 10 ਦਿਨਾਂ ਦੇ ਅੰਦਰ-ਅੰਦਰ ਦੁਬਾਰਾ ਦਾਖ਼ਲ ਹੋ ਸਕਦਾ ਹੈ। ਨਾਮ ਕੱਟੇ ਸਮੇਂ ਦੀਆਂ ਹਾਜ਼ਰੀਆਂ ਦੀ ਘਾਟ ਪੂਰੀ ਕਰਨ ਦੀ ਜ਼ਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ। ਦੁਬਾਰਾ ਦਾਖ਼ਲੇ ਦੀ ਨਿਰਧਾਰਿਤ ਫੀਸ ਭਰਨੀ ਪਵੇਗੀ। ਦੁਬਾਰਾ ਦਾਖ਼ਲੇ ਸਮੇਂ ਮਾਤਾ-ਪਿਤਾ/ਸਰਪ੍ਰਸਤ ਦਾ ਮੌਜੂਦ ਹੋਣਾ ਜ਼ਰੂਰੀ ਹੈ।

1.9 ਕਿਸੇ ਵਿਦਿਆਰਥੀ ਦੀ ਉਮਰ ਬੀ.ਏ./ਬੀ.ਐਸਸੀ/ਬੀ.ਕਾਮ ਸਮੈਸਟਰ ਪਹਿਲਾ ਦੇ ਦਾਖ਼ਲੇ ਲਈ 21 ਸਾਲ ਤੋਂ ਵੱਧ ਨਹੀ ਹੋਣੀ ਚਾਹੀਦੀ।

1.10 ਜੇ ਕਿਸੇ ਵਿਦਿਆਰਥੀ ਦਾ ਨਤੀਜਾ ਯੂਨੀਵਰਸਿਟੀ/ਆਟੋਨੋਮਸ ਕਾਲਜ/ਸਕੂਲ ਬੋਰਡ ਵੱਲੋਂ ਦੇਰੀ ਨਾਲ ਕੱਢਿਆ ਜਾਂਦਾ ਹੈ ਤਾਂ ਵਿਦਿਆਰਥੀ ਨਤੀਜਾ ਨਿਕਲਣ ਤੋਂ 10 ਦਿਨਾਂ ਤੱਕ ਪ੍ਰਿੰਸੀਪਲ ਦੀ ਪ੍ਰਵਾਨਗੀ ਦੀ ਆਸ ਵਿਚ ਬਿਨ੍ਹਾਂ ਲੇਟ ਫੀਸ ਦਾਖ਼ਲ ਹੋ ਸਕਦਾ ਹੈ। ਇਹ ਦਾਖ਼ਲਾ ਸੀਟ ਖ਼ਾਲੀ ਹੋਣ ਦੀ ਸੂਰਤ ਵਿਚ ਹੀ ਹੋ ਸਕੇਗਾ।

1.11 ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਨੂੰ ਲਿਖਤੀ ਰੂਪ ਵਿਚ ਅਰਜ਼ੀ ਦੇਣੀ ਪਵੇਗੀ ਜਿਸ 'ਤੇ ਪਿਤਾ ਜਾਂ ਸਰਪ੍ਰਸਤ ਦੇ ਦਸਤਖ਼ਤ ਜ਼ਰੂਰੀ ਹਨ। ਪ੍ਰਿੰਸੀਪਲ ਸਾਹਿਬ ਦੀ ਮਨਜ਼ੂਰੀ ਤੋਂ ਬਿਨਾਂ ਕਾਲਜ ਛੱਡਣ ਦਾ ਸਰਟੀਫਿਕੇਟ ਨਹੀਂ ਦਿੱਤਾ ਜਾਵੇਗਾ।

1.12 ਬੀ.ਏ. ਭਾਗ ਦੂਜਾ ਵਿਚ ਦਾਖ਼ਲੇ ਲਈ ਵਿਦਿਆਰਥੀ ਦੇ ਬੀ.ਏ. ਭਾਗ ਪਹਿਲਾ ਦੇ ਦੋ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਪਾਸ ਹੋਣੇ ਚਾਹੀਦੇ ਹਨ। ਬੀ.ਏ. ਭਾਗ ਤੀਜਾ ਵਿਚ ਦਾਖ਼ਲੇ ਲਈ ਵਿਦਿਆਰਥੀ ਦੇ ਬੀ.ਏ. ਭਾਗ ਪਹਿਲਾ ਅਤੇ ਬੀ.ਏ. ਭਾਗ ਦੂਜਾ ਦੇ ਚਾਰ ਸਮੈਸਟਰਾਂ ਦੇ ਕੁੱਲ ਪੇਪਰਾਂ ਵਿਚੋਂ ਘੱਟੋ ਘੱਟ 50% ਪਾਸ ਹੋਣੇ ਲਾਜ਼ਮੀ ਹਨ।

1.13 ਬੀ.ਏ. ਭਾਗ ਪਹਿਲਾ (ਸਮੈਸਟਰ ਪਹਿਲਾ) ਵਿਚ ਫਿਜ਼ੀਕਲ ਐਜੂਕੇਸ਼ਨ ਦਾ ਵਿਸ਼ਾ ਫਿਟਨੈੱਸ ਟੈਸਟ ਦੇ ਅਧਾਰ 'ਤੇ ਦਿੱਤਾ ਜਾਵੇਗਾ।

1.14 ਨਿਯਮਾਂ ਅਨੁਸਾਰ ਯੁਵਕ ਮੇਲਿਆਂ ਵਿਚ ਭਾਗ ਲੈਣ ਵਾਲੇ ਵਿਦਿਆਰਥੀਆਂ ਲਈ ਕਾਲਜ ਵਿਚ ਸਾਰੇ ਕੋਰਸਾਂ ਲਈ ਕੁੱਲ ਦਸ (10) ਸੀਟਾਂ ਦੀ ਵਿਵਸਥਾ ਕੀਤੀ ਗਈ ਹੈ। ਇਸ ਪਾਲਿਸੀ ਅਧੀਨ ਦਾਖ਼ਲਾ ਕਾਲਜ ਦੇ ਪ੍ਰਿੰਸੀਪਲ ਵਲੋਂ ਗਠਿਤ ਕਮੇਟੀ ਰਾਹੀਂ ਕੀਤਾ ਜਾਵੇਗਾ।

1.15 ਯੂਨੀਵਰਸਿਟੀ ਗਰਾਂਟਸ ਕਮੀਸ਼ਨ (UGC) ਦੇ ਨਿਰਦੇਸ਼ਾਂ ਤਹਿਤ ਅਕਾਦਮਿਕ ਸਾਲ 2018-19 ਤੋਂ ਕਾਲਜ ਦੇ ਸਾਰੇ ਕੋਰਸਾਂ ਵਿਚ Choice Based Credit System (CBCS) ਲਾਗੂ ਕੀਤਾ ਗਿਆ ਹੈ।

1.16 ਕਾਲਜ ਵਿਚ ਦਾਖ਼ਲਾ ਲੈਣ ਉਪਰੰਤ ਵਿਦਿਆਰਥੀ ਲਈ ਸ਼ਨਾਖ਼ਤੀ ਕਾਰਡ (ID Card) ਗਲੇ ਵਿਚ ਪਹਿਨ ਕੇ ਰੱਖਣਾ ਲਾਜ਼ਮੀ ਹੈ।

1.17 ਸਮੈਸਟਰ ਦੇ ਇਮਤਿਹਾਨ ਖ਼ਤਮ ਹੋਣ ਸਾਰ ਹੀ ਅਗਲੇ ਸਮੈਸਟਰ ਦੀ ਪੜ੍ਹਾਈ ਸ਼ੁਰੂ ਹੋ ਜਾਂਦੀ ਹੈ। ਵਿਦਿਆਰਥੀ ਇਮਤਿਹਾਨਾਂ ਤੋਂ ਬਾਅਦ ਔਡ/ਈਵਨ (Odd/Even) ਸਮੈਸਟਰ ਦੀਆਂ ਕਲਾਸਾਂ ਲਗਾਉਣੀਆਂ ਸ਼ੁਰੂ ਕਰਨਗੇ।

1.18 ਕਾਲਜ ਵਿਚੋਂ ਇਕ ਵਾਰ ਨਾਮ ਕੱਟਣ ਤੋਂ ਬਾਅਦ ਦੁਬਾਰਾ ਦਾਖ਼ਲਾ ਲੈਣ ਲਈ ਮਾਤਾ-ਪਿਤਾ ਨੂੰ ਲੈ ਕੇ ਆਉਣਾ ਪਵੇਗਾ। ਪ੍ਰਿੰਸੀਪਲ ਦੀ ਆਗਿਆ ਨਾਲ ਹੀ ਦੁਬਾਰਾ ਦਾਖ਼ਲਾ ਸੰਭਵ ਹੋ ਸਕੇਗਾ। ਇਕ ਅਕਾਦਮਿਕ ਸ਼ੈਸ਼ਨ ਦੌਰਾਨ ਕੇਵਲ ਇਕ ਵਾਰ ਪੁਨਰ ਦਾਖ਼ਲਾ ਕਰਵਾਇਆ ਜਾ ਸਕਦਾ ਹੈ।

2 ਦਾਖ਼ਲਾ ਲੈਣ ਸੰਬੰਧੀ ਜ਼ਰੂਰੀ ਸੂਚਨਾਵਾਂ

2.1 **ਡਾਇਰੈਕਟਰ-ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਬਿਨ੍ਹਾਂ ਕੋਈ ਕਾਰਨ ਦੱਸਿਆਂ ਦਾਖ਼ਲੇ ਦੀ ਮਨਾਹੀ ਕੀਤੀ ਜਾ ਸਕਦੀ ਹੈ।**

2.2 ਸਾਰੀਆਂ ਜਮਾਤਾਂ ਵਿਚ ਸੰਬੰਧਿਤ ਦਾਖ਼ਲੇ ਲਈ ਕਾਲਜ ਵਲੋਂ ਨਿਰਧਾਰਿਤ ਸ਼ਰਤਾਂ ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਸਰਕਾਰ ਵੱਲੋਂ ਲਾਈਆਂ ਹੋਰ ਸ਼ਰਤਾਂ ਵੀ ਲਾਗੂ ਹੋਣਗੀਆਂ।

2.3 ਝੂਠਾ/ ਗਲਤ ਬਿਆਨ/ ਸੂਚਨਾ ਦੇ ਕੇ ਦਾਖ਼ਲਾ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ, ਪਤਾ ਲੱਗਣ 'ਤੇ ਵਿੱਦਿਅਕ ਸ਼ੈਸ਼ਨ ਦੌਰਾਨ ਉਸੇ ਸਮੇਂ ਹੀ ਰੱਦ ਕਰ ਦਿੱਤਾ ਜਾਵੇਗਾ ਅਤੇ ਫੀਸ/ਫੰਡ ਜ਼ਬਤ ਕਰ ਲਏ ਜਾਣਗੇ।

2.4 ਕਾਲਜ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ।

2.5 ਮਾਪੇ/ ਸਰਪ੍ਰਸਤ ਆਪਣੇ ਬੱਚਿਆਂ ਦੀਆਂ ਹਾਜ਼ਰੀਆਂ ਅਤੇ ਘਰੇਲੂ ਇਮਤਿਹਾਨਾਂ ਵਿਚ ਪ੍ਰਾਪਤ ਕੀਤੇ ਅੰਕਾਂ ਸੰਬੰਧੀ ਵੇਰਵਾ ਕਾਲਜ ਦੀ website: www.matagujricollege.org 'ਤੇ ਦੇਖ ਸਕਦੇ ਹਨ। ਲੋੜੀਂਦੀਆਂ ਹਾਜ਼ਰੀਆਂ ਪੂਰੀਆਂ ਨਾ ਕਰਨ ਦੀ ਸੂਰਤ ਵਿਚ ਵਿਦਿਆਰਥੀ ਨੂੰ ਇਮਤਿਹਾਨ ਵਿਚ ਬੈਠਣ ਤੋਂ ਰੋਕ ਲਿਆ ਜਾਵੇਗਾ।

2.6 ਵਿਦਿਆਰਥੀ ਦੀ ਕਾਰਗੁਜ਼ਾਰੀ ਦਾ ਨਿਰੰਤਰ ਮੁਲਾਂਕਣ ਯਕੀਨੀ ਬਣਾਉਣ ਲਈ ਲਏ ਜਾਣ ਵਾਲੇ ਕਲਾਸ ਟੈਸਟਾਂ ਵਿਚ ਵਿਦਿਆਰਥੀਆਂ ਦੀ ਹਾਜ਼ਰੀ ਲਾਜ਼ਮੀ ਹੈ ਅਤੇ ਗੈਰਹਾਜ਼ਰ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।

2.7 ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਆਪ ਹਰੇਕ ਮਹੀਨੇ ਵਿਚ ਘੱਟੋ-ਘੱਟ ਇੱਕ ਵਾਰ ਕਾਲਜ ਵਿਚ ਆ ਕੇ ਸੰਬੰਧਿਤ ਅਧਿਆਪਕਾਂ ਪਾਸੋਂ ਆਪਣੇ ਬੱਚੇ ਦੀ ਪੜ੍ਹਾਈ ਅਤੇ ਆਚਰਣ ਬਾਰੇ ਜਾਣਕਾਰੀ ਪ੍ਰਾਪਤ ਕਰਨ। ਇਹ ਜਾਣਕਾਰੀ ਮਹੀਨੇ ਦੇ ਦੂਜੇ ਸ਼ੁੱਕਰਵਾਰ 2.00 ਵਜੇ ਤੋਂ 4.00 ਵਜੇ ਤੱਕ ਪ੍ਰਾਪਤ ਕੀਤੀ ਜਾ ਸਕਦੀ ਹੈ। ਮਾਪੇ/ਸਰਪ੍ਰਸਤ ਆਪਣੇ ਬੱਚੇ ਦੀ ਕਾਰਗੁਜਾਰੀ ਦੀ ਜਾਣਕਾਰੀ college app ਤੋਂ ਪ੍ਰਾਪਤ ਕਰ ਸਕਦੇ ਹਨ।

2.8 ਇੱਕ ਵਾਰੀ ਭਰੀ ਫੀਸ ਵਾਪਸ ਨਹੀਂ ਹੋਵੇਗੀ।

2.9 ਮਾਪੇ ਅਧਿਆਪਕ ਐਸੋਸੀਏਸ਼ਨ (P.T.A.) ਦੀਆਂ ਮੀਟਿੰਗਾਂ ਸੰਬੰਧੀ ਸੂਚਨਾ ਕਾਲਜ ਨੋਟਿਸ ਬੋਰਡ ਅਤੇ ਕਾਲਜ Website ਦੁਆਰਾ ਉਪਲੱਬਧ ਕਰਵਾਈ ਜਾਵੇਗੀ।

2.10 ਕਾਲਜ ਵੱਲੋਂ ਅਕਾਦਮਿਕ, ਖੇਡਾਂ, ਸੱਭਿਆਚਾਰਕ ਸਰਗਰਮੀਆਂ, ਸਹਿ-ਵਿੱਦਿਅਕ ਸਰਗਰਮੀਆਂ, ਐਨ.ਐਸ.ਐਸ., ਯੂਥ ਕਲੱਬ, ਐਨ.ਸੀ.ਸੀ., ਮਾਤਾ ਗੁਜਰੀ ਸਟੱਡੀ ਸਰਕਲ, ਯੂਥ ਰੈੱਡ ਕਰਾਸ ਯੂਨਿਟ ਅਤੇ ਹੋਰ ਸਭਾਵਾਂ ਦੀਆਂ ਸਮੁੱਚੀਆਂ ਗਤੀਵਿਧੀਆਂ ਸੰਬੰਧੀ ਜਾਣਕਾਰੀ ਨੋਟਿਸ ਬੋਰਡ 'ਤੇ ਲਗਾਈ ਜਾਵੇਗੀ। **ਵਿਦਿਆਰਥੀ ਰੋਜ਼ਾਨਾ ਕਾਲਜ ਦੇ ਨੋਟਿਸ ਬੋਰਡ ਜ਼ਰੂਰ ਦੇਖਣ।**

2.11 ਸਿੱਖ ਲੜਕਿਆਂ ਲਈ ਕਾਲਜ ਵਿਚ ਦਸਤਾਰ ਸਜਾ ਕੇ ਆਉਣਾ ਲਾਜ਼ਮੀ ਹੈ। ਲੜਕੀਆਂ ਲਈ ਸਲਵਾਰ ਕਮੀਜ਼ ਪਾ ਕੇ ਆਉਣਾ ਲਾਜ਼ਮੀ ਹੈ। ਇਹਨਾਂ ਹਦਾਇਤਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਜਿਸ ਵਿੱਚ ਉਹਨਾਂ ਦਾ ਦਾਖ਼ਲਾ ਵੀ ਰੱਦ ਕੀਤਾ ਜਾ ਸਕਦਾ ਹੈ

2.12 ਕਾਲਜ ਵਿਚ ਮੋਬਾਇਲ ਰਾਹੀਂ ਮੂਵੀ ਬਣਾਉਣਾ, ਰਿਕਾਰਡਿੰਗ ਕਰਨਾ, ਗਾਣੇ ਸੁਣਨਾ, ਵੀਡਿਓ ਦੇਖਣਾ, ਸੈਲਫ਼ੀ ਖਿੱਚਣਾ ਆਦਿ ਸਖਤ ਮਨ੍ਹਾਂ ਹੈ। ਕਾਲਜ ਵਿਚ ਰੰਗਦਾਰ ਐਨਕਾਂ (Sun Glasses) ਲਗਾਉਣਾ, ਟੋਪੀ ਪਾਉਣਾ ਅਤੇ ਬੇਹੂਦਾ ਫੈਸ਼ਨ ਕਰਕੇ ਆਉਣਾ ਸਖ਼ਤ ਮਨ੍ਹਾਂ ਹੈ।

2.13 ਦਾਖ਼ਲਾ ਲੈਣ ਉਪਰੰਤ ਹਰੇਕ ਵਿਦਿਆਰਥੀ ਨੂੰ ਕਾਲਜ ਵੈਬਸਾਈਟ ਉਪਰ ਵਿਅਕਤੀਗਤ ਜਾਣਕਾਰੀ ਹਾਸਿਲ ਕਰਨ ਲਈ ਵਿਦਿਆਰਥੀ ਪੋਰਟਲ (Student Portal) ਦਾ ਲਾਗ ਇਨ ਆਈ.ਡੀ. ਅਤੇ ਪਾਸਵਰਡ ਦਿੱਤਾ ਜਾਂਦਾ ਹੈ। ਵਿਦਿਆਰਥੀ ਕਾਲਜ ਵੱਲੋਂ ਦਿੱਤੀ ਜਾ ਰਹੀ ਇਸ ਸੁਵਿਧਾ ਦਾ ਲਾਭ ਉਠਾ ਕੇ ਆਪਣੇ ਵਿਅਕਤਿੱਤਵ ਦਾ ਸਰਵਪੱਖੀ ਵਿਕਾਸ ਕਰ ਸਕਦੇ ਹਨ।

2.14 ਡਾਇਰੈਕਟਰ-ਪ੍ਰਿੰਸੀਪਲ ਵੱਲੋਂ ਪ੍ਰਾਸਪੈਕਟਸ ਵਿਚ ਸ਼ਾਮਿਲ ਨਿਯਮਾਂ, ਫੀਸਾਂ/ਫੰਡਾਂ ਵਿੱਚ ਬਿਨਾਂ ਕਿਸੇ ਪੂਰਵ ਨੋਟਿਸ ਤੋਂ ਤਬਦੀਲੀ/ਵਾਧਾ ਕੀਤਾ ਜਾ ਸਕਦਾ ਹੈ। ਇਸ ਸੰਬੰਧੀ ਸੂਚਨਾ ਨੋਟਿਸ ਬੋਰਡ 'ਤੇ ਲਗਾ ਦਿੱਤੀ ਜਾਵੇਗੀ। ਇਸੇ ਤਰ੍ਹਾਂ ਪ੍ਰੀਖਿਆਵਾਂ ਦੇ ਫਾਰਮ ਭਰਨ, ਇਮਤਿਹਾਨਾਂ ਸੰਬੰਧੀ ਹਾਜ਼ਰੀਆਂ ਦੀ ਸ਼ਾਰਟੇਜ, ਕਲਾਸ ਟੈਸਟ ਅਤੇ ਘਰੇਲੂ ਪ੍ਰੀਖਿਆਵਾਂ ਸੰਬੰਧੀ ਸਾਰੀਆਂ ਸੂਚਨਾਵਾਂ ਨੋਟਿਸ ਬੋਰਡ 'ਤੇ ਲਗਾਈਆਂ ਜਾਣਗੀਆਂ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਨੋਟਿਸ ਬੋਰਡ ਤੋਂ

ਉਪਰੋਕਤ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਅਤੇ ਸਮੇਂ-ਸਮੇਂ ਜਾਰੀ ਹੁੰਦੀਆਂ ਹਦਾਇਤਾਂ ਦੀ ਪਾਲਣਾ ਕਰਨ।

2.15 ਵਿਦਿਆਰਥੀਆਂ ਵੱਲੋਂ ਸੋਮਵਾਰ ਵਾਲੇ ਦਿਨ ਕਾਲਜ ਵੱਲੋਂ ਨਿਰਧਾਰਿਤ ਡਰੈਸ ਪਹਿਨ ਕੇ ਆਉਣਾ ਜ਼ਰੂਰੀ ਹੈ। ਕਾਲਜ ਫੰਕਸ਼ਨਾਂ ਦੌਰਾਨ ਵੀ ਨਿਰਧਾਰਿਤ ਡਰੈਸ ਪਾ ਕੇ ਆਉਣਾ ਲਾਜ਼ਮੀ ਹੈ।

2.16 ਲੜਕੀਆਂ ਦੇ ਕਾਲਜ ਆਉਣ ਲਈ ਕਾਲਜ ਬੱਸਾਂ ਦਾ ਪ੍ਰਬੰਧ ਹੈ। ਕਾਲਜ ਬੱਸਾਂ ਤੇ ਆਉਣ-ਜਾਣ ਲਈ ਕਿਰਾਇਆ ਹੇਠ ਲਿਖੇ ਅਨੁਸਾਰ ਹੋਵੇਗਾ।

ਸਾਲਾਨਾ ਕਿਰਾਇਆ

5 ਕਿ.ਮੀ. ਤੋਂ ਘੱਟ ਦੂਰੀ	ਰੁ: 4000	5 ਤੋਂ 10 ਕਿ.ਮੀ. ਤੱਕ ਦੂਰੀ	ਰੁ: 6600
10 ਤੋਂ 15 ਕਿ.ਮੀ. ਤੱਕ	ਰੁ: 9000	15 ਤੋਂ 20 ਕਿ.ਮੀ. ਤੱਕ	ਰੁ: 12,000
20 ਤੋਂ 25 ਕਿ.ਮੀ. ਤੱਕ	ਰੁ: 12,600	25 ਤੋਂ 30 ਕਿ.ਮੀ. ਤੱਕ	ਰੁ: 13,800
30 ਤੋਂ 40 ਕਿ.ਮੀ. ਤੱਕ	ਰੁ: 15,600	40 ਕਿ.ਮੀ. ਤੋਂ ਜ਼ਿਆਦਾ	ਰੁ: 16,800

ਮੋਹਾਲੀ ਅਤੇ ਪਟਿਆਲਾ ਦਾ ਸਾਲਾਨਾ ਕਿਰਾਇਆ ਰੁ: 16,800 (ਇਹ ਬੱਸ ਕਿਰਾਇਆ 2 ਕਿਸ਼ਤਾਂ ਵਿੱਚ ਜਮ੍ਹਾਂ ਕਰਵਾਇਆ ਜਾ ਸਕਦਾ ਹੈ)

ਕਾਲਜ ਬੱਸ ਤੋਂ ਇਲਾਵਾ ਕਿਸੇ ਵੀ ਹੋਰ ਸਾਧਨ ਰਾਹੀਂ ਆਉਣ ਵਾਲੀਆਂ ਲੜਕੀਆਂ ਨੂੰ ਸਮੇਂ ਸਿਰ ਘਰ ਤੋਂ ਕਾਲਜ ਪਹੁੰਚਾਉਣ ਅਤੇ ਲਿਜਾਣ ਦੀ ਜ਼ਿੰਮੇਵਾਰੀ ਮਾਤਾ-ਪਿਤਾ/ਸਰਪ੍ਰਸਤ ਦੀ ਹੋਵੇਗੀ।

2.17 ਵਿਦਿਆਰਥੀਆਂ ਲਈ ਕਾਲਜ ਵਿਚ ਕਾਰ / ਜੀਪ ਜਾਂ ਕੋਈ ਹੋਰ ਚਾਰ ਪਹੀਆ ਵਾਹਨ ਲਿਆਉਣ ਦੀ ਸਖ਼ਤ ਮਨਾਹੀ ਹੈ। ਕੇਵਲ ਦੋਪਹੀਆ ਵਾਹਨ ਜਿਵੇਂ ਕਿ ਸਕੂਟਰ/ ਮੋਟਰ ਸਾਈਕਲ ਪਾਰਕਿੰਗ ਫੀਸ ਭਰਨ ਉਪਰੰਤ ਲਿਆਉਣ ਦੀ ਆਗਿਆ ਹੈ। **ਕਾਲਜ ਵੱਲੋਂ ਜਾਰੀ ਕੀਤੇ ਗਏ ਪਾਰਕਿੰਗ ਪਾਸ ਨਾਲ ਹੀ ਵਾਹਨ ਖੜ੍ਹਾ ਕਰਨ ਦੀ ਆਗਿਆ ਹੋਵੇਗੀ।** ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ।

2.18 ਸਾਈਕਲ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਪਾਰਕਿੰਗ ਦੀ ਸਹੂਲਤ ਫਰੀ ਹੋਵੇਗੀ।

2.19 **ਕਾਲਜ ਵਿਚ ਮੋਬਾਇਲ ਦੀ ਵਰਤੋਂ ਨਿਰਧਾਰਿਤ ਸਥਾਨਾਂ 'ਤੇ ਹੀ ਕੀਤੀ ਜਾ ਸਕਦੀ ਹੈ। ਵਿਦਿਆਰਥੀਆਂ ਨੂੰ ਕਲਾਸਾਂ, ਵਿਭਾਗਾਂ, ਲਾਇਬ੍ਰੇਰੀ ਆਦਿ ਥਾਵਾਂ 'ਤੇ ਮੋਬਾਇਲ/ ਸੈੱਲ ਫੋਨ ਲਿਆਉਣ ਦੀ ਸਖ਼ਤ ਮਨਾਹੀ ਹੈ। ਮੋਬਾਇਲ ਫੋਨ ਫੜੇ ਜਾਣ 'ਤੇ ਕਾਲਜ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ ਅਤੇ ਫੋਨ ਸੈੱਟ ਜ਼ਬਤ ਕਰ ਲਿਆ ਜਾਵੇਗਾ। ਨਿਰਧਾਰਿਤ ਸਥਾਨਾਂ ਤੋਂ ਇਲਾਵਾ ਮੋਬਾਇਲ ਦੀ ਵਰਤੋਂ ਕਰਨ ਵਾਲੇ ਵਿਦਿਆਰਥੀ ਦਾ ਦਾਖ਼ਲਾ ਰੱਦ ਕੀਤਾ ਜਾ ਸਕਦਾ ਹੈ।**

2.20 ਜਿਨ੍ਹਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਦੂਜੀਆਂ ਯੂਨੀਵਰਸਿਟੀਆਂ ਜਾਂ ਬੋਰਡ ਤੋਂ ਪਾਸ ਕੀਤੀ ਹੈ, ਉਹ ਦਾਖ਼ਲੇ ਤੋਂ ਪਹਿਲਾਂ ਕਾਲਜ ਦੀ ਰਜਿਸਟ੍ਰੇਸ਼ਨ ਬਰਾਂਚ ਤੋਂ ਪਾਤਰਤਾ ਪ੍ਰਾਪਤ ਕਰਨ ਉਪਰੰਤ ਹੀ ਦਾਖ਼ਲਾ ਲੈ ਸਕਣਗੇ। ਉਹਨਾਂ ਦੇ ਦਾਖ਼ਲੇ ਆਰਜ਼ੀ ਤੌਰ 'ਤੇ ਕੀਤੇ ਜਾਣਗੇ ਅਤੇ ਸਰਟੀਫਿਕੇਟਾਂ ਦੀ ਜਾਂਚ ਹੋਣ ਉਪਰੰਤ ਹੀ ਇਹਨਾਂ ਦਾ ਦਾਖ਼ਲਾ ਰੈਗੂਲਰ ਕੀਤਾ ਜਾਵੇਗਾ।

2.21 ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਬਾਹਰਲੀਆਂ ਯੂਨੀਵਰਸਿਟੀਆਂ ਤੋਂ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀ ਸਲਾਨਾ ਸਿਸਟਮ ਜਾਂ ਸਮੈਸਟਰ ਸਿਸਟਮ ਤੋਂ ਸਾਲਾਨਾ ਸਿਸਟਮ ਵਿਚ ਸ਼ਿਫਟ ਕਰ ਸਕਦਾ ਹੈ।

2.22 ਜੰਮੂ ਅਤੇ ਕਸ਼ਮੀਰ ਰਾਜ ਦੇ ਨਿਵਾਸੀ ਵਿਦਿਆਰਥੀਆਂ ਲਈ ਯੂ.ਜੀ.ਸੀ. ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਦਾਖ਼ਲਾ ਕੀਤਾ ਜਾਵੇਗਾ।

2.23 ਕਿਸੇ ਪ੍ਰਕਾਰ ਦੇ ਕਾਨੂੰਨੀ ਝਗੜੇ ਸਬੰਧੀ ਕੇਵਲ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀ ਕੋਰਟ ਵਿੱਚ ਹੀ ਅਪੀਲ ਕੀਤੀ ਜਾ ਸਕਦੀ ਹੈ।

2.24 ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪੇ ਮਾਤਾ ਗੁਜਰੀ ਕਾਲਜ ਦੀ ਐਪ (Mata Gujri College App) play store ਜਾਂ App Store ਤੋਂ ਡਾਊਨਲੋਡ ਕਰ ਸਕਦੇ ਹਨ।

3 ਕਾਲਜ ਸਟਾਫ਼

3.1 ਡਾਇਰੈਕਟਰ-ਪ੍ਰਿੰਸੀਪਲ

ਡਾ. ਕਸ਼ਮੀਰ ਸਿੰਘ, ਐਮ.ਕਾਮ., ਐਮ.ਫਿਲ., ਪੀਐਚ.ਡੀ.

ਪੋਸਟ ਗਰੈਜੂਏਟ ਵਿਭਾਗ

3.2 ਪੰਜਾਬੀ ਵਿਭਾਗ

1. ਡਾ. ਰਜਿੰਦਰ ਕੌਰ, ਐਮ.ਏ., ਪੀਐਚ.ਡੀ. (ਮੁਖੀ)
2. ਪ੍ਰੋ. ਮਨਮੋਹਨ ਕੌਰ, ਐਮ.ਏ., ਬੀ.ਐਡ., ਐਮ.ਫਿਲ.
3. ਡਾ. ਹਰਮਿੰਦਰ ਸਿੰਘ, ਐਮ.ਏ., ਐਮ.ਫਿਲ., ਪੀਐੱਚ.ਡੀ.
4. ਡਾ. ਰਾਸ਼ਿਦ ਰਸ਼ੀਦ, ਐਮ.ਏ., ਪੀਐੱਚ.ਡੀ.
5. ਡਾ. ਜਗਜੀਵਨ ਸਿੰਘ, ਐਮ.ਏ. ਐਮ.ਫਿਲ., ਪੀਐੱਚ.ਡੀ.
6. ਡਾ. ਸੁਖਜੀਤ ਕੌਰ, ਐਮ.ਏ., ਐਮ.ਫਿਲ., ਪੀਐੱਚ.ਡੀ.

3.3 ਅੰਗਰੇਜ਼ੀ ਵਿਭਾਗ

1. ਡਾ. ਹਰਵੀਨ ਕੌਰ, ਐਮ.ਏ. ਪੀਐੱਚ.ਡੀ. (ਮੁਖੀ)
2. ਪ੍ਰੋ. ਸਤਪ੍ਰੀਤ ਕੌਰ, ਐਮ.ਏ., ਐਮ. ਫਿਲ.
3. ਪ੍ਰੋ. ਰਜਿੰਦਰ ਕੌਰ, ਐਮ.ਏ., ਐਮ. ਫਿਲ.
4. ਡਾ. ਗੌਰੀ ਹਾਂਡਾ, ਐਮ.ਏ.,ਪੀਐਚ.ਡੀ.
5. ਡਾ. ਨਵਪ੍ਰੀਤ ਕੌਰ, ਐਮ.ਏ., ਪੀਐਚ.ਡੀ. (ਛੁੱਟੀ 'ਤੇ)
6. ਡਾ. ਮਨਿੰਦਰ ਕੈਂਥ, ਐਮ.ਏ. ਪੀਐਚ.ਡੀ.

3.4 ਬਾਇਓਟੈਕਨਾਲੌਜੀ ਵਿਭਾਗ

1. ਡਾ. ਜਗਦੀਸ਼ ਸਿੰਘ, ਐਮ.ਐਸਸੀ., ਪੀਐੱਚ.ਡੀ., (ਮੁਖੀ ਪੀ.ਜੀ. ਕਲਾਸਾਂ ਅਤੇ ਡੀਨ ਰਿਸਰਚ)
2. ਡਾ. ਨੀਤੂ ਤ੍ਰੇਹਨ, ਐਮ.ਐਸਸੀ., ਪੀਐਚ.ਡੀ., (ਮੁਖੀ ਯੂ.ਜੀ. ਕਲਾਸਾਂ)
3. ਡਾ. ਸਿੰਮੀ ਗੋਇਲ, ਐਮ.ਐਸਸੀ., ਪੀਐੱਚ.ਡੀ.
4. ਡਾ. ਮੋਨਿਕਾ, ਐਮ.ਐਸਸੀ., ਪੀਐੱਚ.ਡੀ.
5. ਪ੍ਰੋ. ਹਰਮਨਜੋਤ ਕੌਰ, ਐਮ.ਐਸਸੀ.

3.5 ਕੈਮਿਸਟਰੀ ਵਿਭਾਗ

1. ਡਾ. ਕਮਲਪ੍ਰੀਤ ਕੌਰ, ਐਮ. ਐਸਸੀ. (ਆਨਰਜ਼) , ਪੀਐੱਚ.ਡੀ. (ਮੁਖੀ)
2. ਪ੍ਰੋ. ਸਿਮਰਤ ਕੌਰ, ਐਮ.ਐਸਸੀ., ਐਮ.ਫਿਲ.
3. ਡਾ. ਕਿਰਨ, ਐਮ. ਐਸਸੀ., ਪੀਐੱਚ.ਡੀ.
4. ਡਾ. ਕੁਲਦੀਪ ਕੌਰ, ਐਮ. ਐਸਸੀ., ਐਮ.ਫਿਲ., ਪੀਐੱਚ.ਡੀ.
5. ਪ੍ਰੋ. ਸੀਮਾ ਮਹੇਸ਼ਵਰੀ, ਐਮ.ਐਸਸੀ., ਬੀ.ਐਡ.
6. ਡਾ. ਅੰਮ੍ਰਿਤਪਾਲ ਸਿੰਘ ਐਮ.ਐਸਸੀ. , ਪੀਐੱਚ.ਡੀ.
7. ਡਾ. ਮਨਪ੍ਰੀਤ ਕੌਰ, ਐਮ.ਐਸਸੀ., ਪੀਐਚ.ਡੀ.

3.6 ਕਮਰਸ ਵਿਭਾਗ

1. ਡਾ. ਬਿਕਰਮਜੀਤ ਸਿੰਘ, ਐਮ.ਕਾਮ., ਪੀਐਚ.ਡੀ. (ਡੀਨ)
2. ਪ੍ਰੋ. ਮੁਹੰਮਦ ਅਨਵਰ, ਐਮ.ਕਾਮ. (ਮੁਖੀ ਯੂ.ਜੀ. ਕਲਾਸਾਂ)
3. ਡਾ. ਹਰਜੀਤ ਕੌਰ, ਐਮ.ਕਾਮ., ਪੀਐਚ.ਡੀ. (ਮੁਖੀ ਪੀ.ਜੀ. ਕਲਾਸਾਂ)
4. ਡਾ. ਸ਼ਮਿੰਦਰ ਕੌਰ, ਐਮ.ਕਾਮ., ਪੀਐੱਚ.ਡੀ. (ਛੁੱਟੀ 'ਤੇ)
5. ਪ੍ਰੋ. ਰਵਿੰਦਰ ਕੌਰ, ਐਮ.ਕਾਮ.
6. ਡਾ. ਰਛਪਾਲਜੀਤ ਕੌਰ, ਐਮ.ਕਾਮ., ਐਮ. ਫਿਲ., ਪੀਐੱਚ.ਡੀ.
7. ਪ੍ਰੋ. ਜਸਪ੍ਰੀਤ ਕੌਰ, ਐਮ.ਕਾਮ.
8. ਪ੍ਰੋ. ਗਗਨਦੀਪ ਸਿੰਘ, ਐਮ.ਕਾਮ.,ਐਮ. ਐੱਡ.

3.7 ਕੰਪਿਊਟਰ ਸਾਇੰਸ ਵਿਭਾਗ

1. ਪ੍ਰੋ. ਰਸ਼ਮੀ ਅਰੋੜਾ, ਐਮ.ਸੀ.ਏ. (ਡੀਨ)
2. ਡਾ. ਨਵਦੀਪ ਸਿੰਘ, ਐਮ.ਸੀ.ਏ., ਐਮ.ਟੈਕ., ਪੀਐਚ.ਡੀ.
3. ਡਾ. ਹਰਜੀਤ ਸਿੰਘ, ਐਮ.ਸੀ.ਏ., ਪੀਐਚ.ਡੀ. (ਮੁਖੀ ਯੂ.ਜੀ. ਕਲਾਸਾਂ)
4. ਪ੍ਰੋ. ਦਵਿੰਦਰ ਸਿੰਘ, ਬੀ.ਟੈਕ., ਐਮ.ਟੈਕ.
5. ਪ੍ਰੋ. ਮੁਕੇਸ਼ ਕੁਮਾਰ, ਐਮ.ਸੀ.ਏ., ਐਮ.ਟੈਕ., ਐਮ.ਫਿਲ. (ਮੁਖੀ ਪੀ.ਜੀ. ਕਲਾਸਾਂ)
6. ਪ੍ਰੋ. ਹਰਸਿਮਰਤ ਕੌਰ, ਐਮ.ਸੀ.ਏ.
7. ਪ੍ਰੋ. ਰਿਤੂ ਵਾਲੀਆ, ਐਮ.ਸੀ.ਏ., ਐਮ.ਟੈਕ., ਐਮ.ਫਿਲ.
8. ਪ੍ਰੋ. ਦਵਿੰਦਰ ਕੌਰ, ਐਮ.ਸੀ.ਏ.
9. ਪ੍ਰੋ. ਤਰਨਪ੍ਰੀਤ ਕੌਰ, ਐਮ.ਸੀ.ਏ., ਐਮ.ਫਿਲ.
10. ਡਾ. ਸੰਗੀਤਾ ਜੋਸ਼ੀ, ਐਮ.ਸੀ.ਏ., ਐਮ.ਫਿਲ., ਪੀਐੱਚ.ਡੀ.
11. ਪ੍ਰੋ. ਬੀਰਇੰਦਰ ਸਿੰਘ ਸਰਾਓ, ਐਮ.ਸੀ.ਏ., ਐਮ.ਫਿਲ.
12. ਪ੍ਰੋ. ਮਨਪ੍ਰੀਤ ਕੌਰ, ਐਮ.ਸੀ.ਏ., ਐਮ.ਫਿਲ.
13. ਪ੍ਰੋ. ਜੋਗਾ ਸਿੰਘ, ਐਮ.ਟੈਕ
14. ਕੰਵਲਦੀਪ ਕੌਰ, ਐਮ.ਸੀ.ਏ. (ਸਿਸਟਮ ਐਨਾਲਿਸਟ)

3.8 ਮੈਨੇਜਮੈਂਟ ਵਿਭਾਗ

1. ਡਾ. ਕਮਲਪ੍ਰੀਤ ਕੌਰ, ਐਮ.ਕਾਮ., ਪੀਐਚ.ਡੀ. (ਮੁਖੀ)
2. ਪ੍ਰੋ. ਸ਼ਿਵਾਨੀ ਬੈਕਟਰ, ਐਮ.ਬੀ.ਏ.
3. ਪ੍ਰੋ. ਰਤਨੇਸ਼ਪਾਲ ਸਿੰਘ, ਬੀ.ਈ., ਐਮ.ਬੀ.ਏ., ਐਮ. ਫਿਲ.

3.9 ਅਰਥ ਸ਼ਾਸਤਰ ਵਿਭਾਗ

1. ਪ੍ਰੋ. ਨਵਜੀਤ ਕੌਰ, ਐਮ.ਏ., ਐਮ.ਫਿਲ. (ਮੁਖੀ)
2. ਪ੍ਰੋ. ਜੁਪਿੰਦਰ ਸਿੰਘ, ਐਮ.ਏ., ਐਮ.ਬੀ.ਏ.
3. ਪ੍ਰੋ. ਜਗਪਾਲ ਸਿੰਘ, ਐਮ.ਏ., ਐਮ. ਫਿਲ.
4. ਪ੍ਰੋ. ਹਰਸਿਮਰਨ ਸਿੰਘ, ਐਮ.ਏ., ਐਮ.ਫਿਲ.

3.10 ਮੈਥੇਮੈਟਿਕਸ ਵਿਭਾਗ

1. ਪ੍ਰੋ. ਨਮਿਤਾ ਬੇਰੀ, ਐਮ.ਐਸਸੀ., ਐਮ.ਫਿਲ. (ਡੀਨ)
2. ਪ੍ਰੋ. ਪੂਨਮ ਚਾਵਲਾ, ਐਮ.ਐਸਸੀ. (ਮੁਖੀ ਯੂ.ਜੀ. ਕਲਾਸਾਂ)
3. ਪ੍ਰੋ. ਸ਼ਿਵਦੀਪ ਕੌਰ, ਐਮ.ਐਸਸੀ.
4. ਪ੍ਰੋ. ਰਜਿੰਦਰ ਪਾਲ, ਐਮ.ਐਸਸੀ., ਐਮ.ਫਿਲ (ਮੁਖੀ ਪੀ.ਜੀ. ਕਲਾਸਾਂ)
5. ਪ੍ਰੋ. ਸ਼ਾਮ ਬਾਂਸਲ, ਐਮ.ਐਸਸੀ., ਐਮ.ਟੈਕ

3.11 ਮਾਈਕਰੋਬਾਇਓਲੋਜੀ ਵਿਭਾਗ

1. ਡਾ. ਸੌਰਵ ਗੁਪਤਾ, ਐਮ.ਐਸਸੀ., ਪੀਐਚ.ਡੀ. (ਮੁਖੀ)

3.12 ਫੂਡ ਟੈਕ ਵਿਭਾਗ

1. ਡਾ. ਅਜੇ ਸਿੰਘ, ਐਮ.ਐਸਸੀ., ਐਮ.ਬੀ.ਏ., ਪੀਐਚ.ਡੀ. (ਮੁਖੀ)

3.13 ਫਿਜ਼ਿਕਸ ਵਿਭਾਗ

1. ਡਾ. ਤਜਿੰਦਰ ਸਿੰਘ, ਐਮ.ਐਸਸੀ., ਪੀਐਚ.ਡੀ. (ਮੁਖੀ)
2. ਡਾ. ਨਵਜੀਤ ਕੌਰ, ਐਮ.ਐਸਸੀ., ਪੀਐਚ.ਡੀ.
3. ਡਾ. ਰਮਨੀਕ ਕੌਰ, ਐਮ.ਐਸਸੀ., ਪੀਐਚ.ਡੀ.
4. ਡਾ. ਦੀਪਿਕਾ ਜੈਨ, ਐਮ.ਐਸਸੀ., ਪੀਐਚ.ਡੀ.
5. ਡਾ. ਗੁਰਪ੍ਰੀਤ ਕੌਰ, ਐਮ.ਐਸਸੀ., ਪੀਐਚ.ਡੀ.

3.14 ਬਾਟਨੀ ਅਤੇ ਵਾਤਾਵਰਣ ਵਿਭਾਗ

1. ਪ੍ਰੋ. ਲਵਨੀਤ ਕੌਰ, ਐਮ.ਐਸਸੀ., ਐਮ.ਫਿਲ., (ਮੁਖੀ)
2. ਡਾ. ਵਿਜੇ ਸਿੰਘ, ਐਮ.ਐਸਸੀ., ਐਮ.ਫਿਲ., ਪੀਐਚ.ਡੀ.

3.15 ਇਤਿਹਾਸ ਵਿਭਾਗ

1. ਪ੍ਰੋ. ਹਰਭਿੰਦਰ ਸਿੰਘ, ਐਮ.ਏ., ਐਮ.ਫਿਲ. (ਮੁਖੀ)

3.16 ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ

1. ਪ੍ਰੋ. ਰੀਨਾ ਕੌਰ ਢਿਲੋਂ, ਐਮ.ਜੇ.ਐਮ.ਸੀ. (ਮੁਖੀ)

3.17 ਰਾਜਨੀਤੀ ਸ਼ਾਸਤਰ ਵਿਭਾਗ

1. ਡਾ. ਸਤਨਾਮ ਸਿੰਘ, ਐਮ.ਏ., ਪੀਐਚ.ਡੀ. (ਮੁਖੀ)
2. ਡਾ. ਇੰਦਰਜੀਤ ਸਿੰਘ, ਐਮ.ਏ., ਪੀਐਚ.ਡੀ.

3.18 ਐਗਰੀਕਲਚਰ ਵਿਭਾਗ

1. ਡਾ. ਦਲੀਪ ਸਿੰਘ, ਐਮ.ਐਸਸੀ., ਪੀਐੱਚ.ਡੀ (ਮੁਖੀ)
2. ਡਾ. ਸੰਦੀਪ ਕੁਮਾਰ ਸਿੰਘ ਐਮ.ਐਸਸੀ., ਪੀਐੱਚ.ਡੀ
3. ਡਾ. ਸੰਤੋਸ਼ ਕੁਮਾਰ, ਐਮ.ਐਸਸੀ., ਪੀਐੱਚ.ਡੀ
4. ਡਾ. ਨਵੀਤ ਕੌਸ਼ਲ, ਐਮ.ਐਸਸੀ., ਪੀਐੱਚ.ਡੀ
5. ਡਾ. ਰਵਿੰਦਰ ਕੁਮਾਰ, ਐਮ.ਐਸਸੀ., ਪੀਐੱਚ.ਡੀ

ਅੰਡਰ ਗਰੈਜੂਏਟ ਵਿਭਾਗ

3.19 ਜੌਗਰਫੀ ਵਿਭਾਗ

1. ਪ੍ਰੋ. ਅਨੁਪ੍ਰੀਤ ਸਿੰਘ ਟਿਵਾਣਾ, ਐਮ.ਐਸਸੀ., ਪੀ.ਜੀ.ਡੀ.ਡੀ.ਐਮ. (ਮੁਖੀ)

3.20 ਹਿੰਦੀ ਵਿਭਾਗ

1. ਡਾ. ਦਲਜੀਤ ਕੌਰ, ਐਮ.ਏ, ਐਮ.ਫਿਲ., ਪੀਐਚ.ਡੀ. (ਮੁਖੀ)

3.21 ਸੰਗੀਤ ਵਿਭਾਗ (ਵੋਕਲ)

1. ਪ੍ਰੋ. ਸੀਮਾ ਰਾਣੀ, ਐਮ.ਏ., ਐਮ.ਫਿਲ. (ਮੁਖੀ)

3.22 ਸਰੀਰਕ ਸਿੱਖਿਆ ਵਿਭਾਗ

1. ਡਾ. ਪਰਮਿੰਦਰ ਕੌਰ, ਐਮ.ਏ., ਪੀਐੱਚ.ਡੀ. (ਮੁਖੀ)

3.23 ਧਰਮ ਅਧਿਐਨ ਵਿਭਾਗ

ਡਾ. ਗੁਰਬਾਜ ਸਿੰਘ, ਐਮ.ਏ., ਪੀਐੱਚ.ਡੀ. (ਮੁਖੀ)

3.24 ਸਮਾਜ ਸ਼ਾਸਤਰ ਵਿਭਾਗ

ਡਾ. ਬਲਜਿੰਦਰ ਸਿੰਘ, ਐਮ.ਏ., ਐਮ.ਫਿਲ.,ਪੀਐੱਚ.ਡੀ. (ਮੁਖੀ)

3.25 ਫ਼ਾਈਨ ਆਰਟਸ ਵਿਭਾਗ

1. ਪ੍ਰੋ. ਅਵਨੀਤ ਕੌਰ, ਐਮ.ਏ. (ਮੁਖੀ)

3.26 ਗੁਰਮਤਿ ਸੰਗੀਤ ਵਿਭਾਗ

(ਖਾਲੀ)

3.27 ਜ਼ੂਆਲੋਜੀ ਵਿਭਾਗ

1. ਪ੍ਰੋ. ਪਰਦੀਪ ਕੌਰ, ਐਮ.ਐਸਸੀ., ਐਮ.ਫਿਲ. (ਮੁਖੀ)
2. ਡਾ. ਨੈਨਾ ਖੁੱਲਰ, ਐਮ.ਐਸਸੀ., ਪੀਐਚ.ਡੀ.

3.28 ਪਬਲਿਕ ਐਡਮਿਨਿਸਟਰੇਸ਼ਨ ਵਿਭਾਗ

(ਖਾਲੀ)

3.29 ਮਨੋਵਿਗਿਆਨ ਵਿਭਾਗ

ਡਾ. ਹਰਦੀਪ ਕੌਰ, ਐਮ.ਐਸਸੀ., ਪੀਐੱਚ.ਡੀ. (ਮੁਖੀ)

3.30 ਕੰਟਰੋਲਰ (ਪ੍ਰੀਖਿਆਵਾਂ)

ਡਾ. ਬਿਕਰਮਜੀਤ ਸਿੰਘ ਸੰਧੂ, ਐਮ.ਕਾਮ., ਬੀ.ਐਡ., ਪੀਐੱਚ.ਡੀ.

3.31 ਰਜਿਸਟਰਾਰ ਘਰੇਲੂ ਪ੍ਰੀਖਿਆਵਾਂ

ਪ੍ਰੋ. ਨਵਜੀਤ ਕੌਰ

3.32 ਕੰਪਿਊਟਰ ਸੈਂਟਰ ਇੰਚਾਰਜ

1. ਸ੍ਰੀ ਲਲਿਤ ਜੋਸ਼ੀ, ਐਮ.ਸੀ.ਏ. (ਸਿਸਟਮ ਐਡਮਿਨਿਸਟ੍ਰੇਟਰ)

3.33 ਐਨ.ਐਸ.ਐਸ. ਪ੍ਰੋਗਰਾਮ ਅਫ਼ਸਰ

1. ਪ੍ਰੋ. ਬੀਰਇੰਦਰ ਸਿੰਘ ਸਰਾਓ
2. ਪ੍ਰੋ. ਰਵਿੰਦਰ ਕੌਰ
3. ਪ੍ਰੋ. ਰਜਿੰਦਰ ਪਾਲ
4. ਡਾ. ਨਵੀਤ ਕੌਸ਼ਲ

3.34 ਐਨ.ਸੀ.ਸੀ.

1. ਲੈਫ. (ਡਾ.) ਅੰਮ੍ਰਿਤਪਾਲ ਸਿੰਘ

3.35 ਰੈੱਡ ਕਰਾਸ

1. ਡਾ. ਹਰਜੀਤ ਕੌਰ
2. ਡਾ. ਸਤਨਾਮ ਸਿੰਘ
3. ਪ੍ਰੋ. ਹਰਭਿੰਦਰ ਸਿੰਘ

3.36 ਸਕਾਊਟਸ ਅਤੇ ਗਾਈਡਜ਼

1. ਪ੍ਰੋ. ਸ਼ਾਮ ਬਾਂਸਲ
2. ਡਾ. ਰਮਨੀਕ ਕੌਰ

3.37 ਯੂਥ ਕਲੱਬ

1. ਪ੍ਰੋ. ਰਤਨੇਸ਼ਪਾਲ ਸਿੰਘ

3.38 ਬਰਸਰ

1. ਪ੍ਰੋ. ਜੁਪਿੰਦਰ ਸਿੰਘ

3.39 ਹੋਸਟਲ ਵਾਰਡਨ

1. ਡਾ. ਸੁਖਜੀਤ ਕੌਰ (ਲੜਕੀਆਂ ਦਾ ਹੋਸਟਲ)
2. ਡਾ. ਜਗਦੀਸ਼ ਸਿੰਘ (ਲੜਕਿਆਂ ਦਾ ਹੋਸਟਲ)

3.40 ਟ੍ਰੇਨਿੰਗ ਅਤੇ ਪਲੇਸਮੈਂਟ ਸੈੱਲ

1. ਡਾ. ਹਰਜੀਤ ਸਿੰਘ
2. ਡਾ. ਕੁਲਦੀਪ ਕੌਰ
3. ਡਾ. ਸੌਰਵ ਗੁਪਤਾ
4. ਡਾ. ਦਲੀਪ ਸਿੰਘ
5. ਪ੍ਰੋ. ਜੁਪਿੰਦਰ ਸਿੰਘ
6. ਪ੍ਰੋ. ਮੁਕੇਸ਼ ਕੁਮਾਰ

3.41 ਸੀਨੀਅਰ ਟਿਊਟਰ

1. ਪ੍ਰੋ. ਸਤਪ੍ਰੀਤ ਕੌਰ (ਲੜਕੀਆਂ ਲਈ)
2. ਡਾ. ਰਾਸ਼ਿਦ ਰਸ਼ੀਦ (ਲੜਕਿਆਂ ਲਈ)

3.42 ਮਾਤਾ ਗੁਜਰੀ ਸਟੱਡੀ ਸਰਕਲ

1. ਪ੍ਰੋ. ਸਿਮਰਤ ਕੌਰ
2. ਡਾ. ਗੁਰਬਾਜ ਸਿੰਘ

3.43 ਗੁਰ ਗੋਬਿੰਦ ਸਿੰਘ ਸਟੱਡੀ ਸਰਕਲ

1. ਪ੍ਰੋ. ਮਨਮੋਹਨ ਕੌਰ

3.44 ਪ੍ਰਬੰਧਕੀ ਅਮਲਾ

1. ਸ਼ਮਦੀਪ ਕੌਰ (ਅਕਾਊਟੈਂਟ)
2. ਹਰਿੰਦਰ ਸਿੰਘ (ਸੀਨੀਅਰ ਅਸਿਸਟੈਂਟ)
3. ਜਸਪ੍ਰੀਤ ਕੌਰ (ਸੀਨੀਅਰ ਅਸਿਸਟੈਂਟ)
4. ਹਰਮਿੰਦਰਜੀਤ ਸਿੰਘ (ਸੀਨੀਅਰ ਅਸਿਸਟੈਂਟ)
5. ਕੁਲਦੀਪ ਕੌਰ (ਕਲਰਕ-ਕਮ-ਟਾਈਪਿਸਟ)
6. ਹਰਦੀਪ ਸਿੰਘ (ਅਕਾਊਂਟਸ ਕਲਰਕ)
7. ਗੁਰਦਰਸ਼ਨ ਸਿੰਘ (ਜੇ.ਐਲ.ਏ.)
8. ਸੁਖਵਿੰਦਰ ਸਿੰਘ (ਜੇ.ਐਲ.ਏ.)
9. ਜਗਜੀਤ ਕੌਰ (ਜੂਨੀਅਰ ਅਸਿਸਟੈਂਟ)
10. ਸਰਬਜੀਤ ਕੌਰ (ਕਲਰਕ)
11. ਸ਼ਿਵਾਨੀ (ਕਲਰਕ)
12. ਹਾਕਮ ਸਿੰਘ (ਡਰਾਇਵਰ)
13. ਸੁੱਚਾ ਸਿੰਘ (ਡਰਾਇਵਰ)
14. ਨਿਰਭੈ ਸਿੰਘ (ਡਰਾਇਵਰ)
15. ਸਤਵੰਤ ਸਿੰਘ (ਡਰਾਇਵਰ)
16. ਪਰਗਟ ਸਿੰਘ (ਬਸ ਕੰਡਕਟਰ)
17. ਤੇਜਿੰਦਰ ਸਿੰਘ (ਬਸ ਕੰਡਕਟਰ)
18. ਧਰਮਪਾਲ ਸਿੰਘ (ਚੌਂਕੀਦਾਰ)
19. ਜਰਨੈਲ ਸਿੰਘ (ਚੌਂਕੀਦਾਰ)
20. ਜਸਵੀਰ ਸਿੰਘ (ਸੇਵਾਦਾਰ)
21. ਜਸਵੀਰ ਕੌਰ (ਸੇਵਾਦਾਰ)
22. ਇਕਬਾਲ ਸਿੰਘ (ਚੌਂਕੀਦਾਰ)
23. ਰਾਜਵਿੰਦਰ ਕੌਰ (ਸੇਵਾਦਾਰ)

3.45 ਪ੍ਰੀਖਿਆ ਸ਼ਾਖਾ

1. ਗੁਰਪਿੰਦਰ ਸਿੰਘ (ਸੁਪਰਡੈਂਟ)
2. ਮਨਿੰਦਰ ਸਿੰਘ (ਸੀਨੀਅਰ ਅਸਿਸਟੈਂਟ)
3. ਗੁਰਬਿੰਦਰ ਸਿੰਘ (ਸੀਨੀਅਰ ਅਸਿਸਟੈਂਟ)
4. ਨਰਿੰਦਰ ਕੌਰ (ਕੰਪਿਊਟਰ ਓਪਰੇਟਰ)
5. ਬਲਜੀਤ ਸਿੰਘ (ਕੰਪਿਊਟਰ ਓਪਰੇਟਰ)
6. ਹਰਪ੍ਰੀਤ ਕੌਰ (ਕੰਪਿਊਟਰ ਓਪਰੇਟਰ)
7. ਪਰਮਿੰਦਰ ਕੌਰ (ਕਲਰਕ)
8. ਸੁਖਜਿੰਦਰ ਸਿੰਘ (ਐਸ.ਐਲ.ਏ.)
9. ਸੁਰਿੰਦਰ ਸਿੰਘ (ਡਰਾਇਵਰ)
1. ਕੁਲਦੀਪ ਸਿੰਘ (ਐਲ.ਏ.)
11. ਰਣਬੀਰ ਸਿੰਘ (ਐਲ.ਏ.)

3.46 ਲਾਇਬ੍ਰੇਰੀ-ਸਟਾਫ਼

1. ਬਬੀਤਾ ਰਾਣੀ, ਐਮ.ਏ., ਐਮ.ਲਿਬ. (ਲਾਇਬ੍ਰੇਰੀਅਨ)
2. ਜਸਵਿੰਦਰ ਪਾਲ ਕੌਰ (ਅਸਿਸਟੈਂਟ ਲਾਇਬ੍ਰੇਰੀਅਨ)
3. ਮਨਦੀਪ ਕੌਰ (ਲਾਇਬ੍ਰੇਰੀ ਅਸਿਸਟੈਂਟ)
4. ਜਸਜੀਤ ਕੌਰ (ਲਾਇਬ੍ਰੇਰੀ ਰਿਸਟੋਰਰ)
5. ਬਚਿੱਤਰ ਸਿੰਘ (ਲਾਇਬ੍ਰੇਰੀ ਰਿਸਟੋਰਰ)
6. ਗੁਰਮੀਤ ਸਿੰਘ (ਸੇਵਾਦਾਰ)
7. ਹਰਵਿੰਦਰਪਾਲ ਸਿੰਘ (ਕੰਡਕਟਰ/ਅਟੈਂਡੈਂਟ)
8. ਸਤਪਾਲ ਸਿੰਘ (ਅਟੈਂਡੈਂਟ)

3.47 ਲੈਬ-ਸਟਾਫ਼

1. ਰਣਧੀਰ ਸਿੰਘ, ਜੇ.ਐਲ.ਏ.
2. ਮਨਮੋਹਨ ਸਿੰਘ, ਤਬਲਾ ਵਾਦਕ
3. ਸੁਖਜਿੰਦਰ ਸਿੰਘ, ਸੀਨੀਅਰ ਐਲ.ਏ.
4. ਗੁਰਪ੍ਰਤਾਪ ਸਿੰਘ, ਸੀਨੀਅਰ ਐਲ.ਏ.
5. ਅਜਾਇਬ ਸਿੰਘ, ਸੀਨੀਅਰ ਐਲ.ਏ.
6. ਸੁਖਦੇਵ ਸਿੰਘ (ਜਨਰੇਟਰ ਅਟੈਂਡੈਂਟ ਕਮ ਇਲੈਕਟ੍ਰੀਸ਼ਨ)
7. ਬੀਰਦਵਿੰਦਰ ਸਿੰਘ, ਐਲ.ਏ.
8. ਨਰਦੀਪ ਸਿੰਘ, ਐਲ.ਏ.
9. ਜਸਵਿੰਦਰ ਸਿੰਘ, ਐਲ.ਏ.
10. ਬਹਾਦਰ ਸਿੰਘ, ਐਲ.ਏ.
11. ਗੁਰਮੁੱਖ ਸਿੰਘ, ਸੇਵਾਦਾਰ
12. ਮਾਨ ਸਿੰਘ, ਸੇਵਾਦਾਰ
13. ਬਲਜੀਤ ਕੌਰ, ਸੇਵਾਦਾਰ
14. ਸਤਨਾਮ ਸਿੰਘ, ਐਲ.ਏ.
15. ਯਾਦਵਿੰਦਰ ਸਿੰਘ, ਐਲ.ਏ.

3.48 ਕੰਟਰੈਕਟ 'ਤੇ

1. ਡਾ. ਗੁਰਨਾਮ ਸਿੰਘ, ਸੁਪਰਡੈਂਟ (ਪ੍ਰੀਖਿਆ ਸ਼ਾਖਾ)
2. ਗਜੇਂਦਰ ਸਿੰਘ (ਸਾਫਟਵੇਅਰ ਡਿਵੈਲਪਰ)
3. ਸ. ਰਮਨਦੀਪ ਸਿੰਘ, ਡਾਟਾ ਐਂਟਰੀ ਓਪਰੇਟਰ (ਪ੍ਰੀਖਿਆ ਸ਼ਾਖਾ)
4. ਸ. ਭਰਪੂਰ ਸਿੰਘ, ਡਾਟਾ ਐਂਟਰੀ ਓਪਰੇਟਰ (ਪ੍ਰੀਖਿਆ ਸ਼ਾਖਾ)
5. ਸ੍ਰੀਮਤੀ ਮਨਪ੍ਰੀਤ ਕੌਰ, ਕਲਰਕ (ਅਕਾਊਂਟਸ ਬਰਾਂਚ)
6. ਸ. ਕਿਰਨਦੀਪ ਸਿੰਘ, ਕਲਰਕ (ਪ੍ਰੀਖਿਆ ਸ਼ਾਖਾ)
7. ਸ੍ਰੀਮਤੀ ਬੇਬੀ, ਕਲਰਕ (ਗਰਲਜ਼ ਹੋਸਟਲ)
8. ਸ੍ਰੀਮਤੀ ਜਸਲੀਨ ਕੌਰ, ਕਲਰਕ (ਕੈਮਿਸਟਰੀ ਲੈਬ)
9. ਸ੍ਰੀਮਤੀ ਸੁਖਵਿੰਦਰ ਕੌਰ, ਕਲਰਕ (ਪ੍ਰੀਖਿਆ ਸ਼ਾਖਾ)
10. ਸ. ਚਮਨਪ੍ਰੀਤ ਸਿੰਘ, ਕਲਰਕ (ਰਿਸੇਪਸ਼ਨ)
11. ਸ. ਮਨਜਿੰਦਰ ਸਿੰਘ, ਕਲਰਕ (ਅਕਾਊਂਟਸ ਬਰਾਂਚ)
12. ਸ. ਅਮਰੀਕ ਸਿੰਘ, ਐਲ.ਏ
13. ਸ. ਮਨਜੀਤ ਸਿੰਘ, ਐਲ.ਏ

4 ਅਧਿਐਨ ਦੇ ਕੋਰਸ

ਆਰਟਸ/ਹਿਊਮੈਨਟੀਜ਼ ਗਰੁੱਪ

4.1 ਬੀ.ਏ.ਸਮੈਸਟਰ-ਪਹਿਲਾ

☛ ਬੀ.ਏ. ਸਮੈਸਟਰ-ਪਹਿਲਾ ਦੇ ਵਿਦਿਆਰਥੀ ਫਾਰਮ ਵਿਚ ਵਿਸ਼ਾ ਜੁੱਟ, ਦਾਖ਼ਲੇ ਵਾਲੇ ਦਿਨ ਕਾਊਂਸਲਿੰਗ ਤੋਂ ਬਾਅਦ ਭਰਨਗੇ।

ਵਿਦਿਆਰਥੀ ਅੰਗਰੇਜ਼ੀ ਅਤੇ ਪੰਜਾਬੀ ਦੇ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ ਹੇਠ ਲਿਖੇ ਗਰੁੱਪਾਂ ਵਿਚੋਂ ਹਰ ਗਰੁੱਪ ਵਿਚੋਂ ਇੱਕ ਵਿਸ਼ਾ ਚੁਣਦਾ ਹੋਇਆ ਕੋਈ ਤਿੰਨ ਵਿਸ਼ੇ ਚੁਣੇਗਾ :-

ਵਿਸ਼ਿਆਂ ਦੇ ਜੁੱਟ

ਗਰੁੱਪ-1	ਗਰੁੱਪ-2	ਗਰੁੱਪ-3	ਗਰੁੱਪ-4
ਇਕਨਾਮਿਕਸ (ਅਰਥ ਸ਼ਾਸਤਰ)	ਹਿਸਟਰੀ	ਜੌਗਰਫੀ (ਭੂਗੋਲ)	ਪੰਜਾਬੀ ਲਿਟਰੇਚਰ
ਪੋਲੀਟੀਕਲ ਸਾਇੰਸ	ਮੈਥੇਮੈਟਿਕਸ	ਸਾਈਕਾਲੌਜੀ	ਹਿੰਦੀ ਲਿਟਰੇਚਰ
ਪਬਲਿਕ ਐਡਮਿਨ.	ਸ਼ੋਸ਼ਿਆਲੌਜੀ	ਮਿਊਜ਼ਿਕ (ਗਾਇਨ)	ਇੰਗਲਿਸ਼ ਲਿਟਰੇਚਰ
ਮਿਊਜ਼ਿਕ (ਵਾਦਨ)	ਧਰਮ ਅਧਿਐਨ (ਰਿਲੀਜਨ)	ਗੁਰਮਤਿ ਸੰਗੀਤ	
ਫਿਜ਼ੀਕਲ ਐਜੂਕੇਸ਼ਨ	ਫਾਈਨ ਆਰਟਸ	ਫੰਕਸ਼ਨਲ ਇੰਗਲਿਸ਼	
ਪੱਤਰਕਾਰੀ ਅਤੇ ਜਨਸੰਚਾਰ		ਕੰਪਿਊਟਰ ਸਾਇੰਸ	

ਦਾਖ਼ਲੇ ਲਈ ਪਾਤਰਤਾ:

ਬੀ.ਏ.ਸਮੈਸਟਰ-ਪਹਿਲਾ: ਅਜਿਹਾ ਵਿਦਿਆਰਥੀ ਜਿਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ +2 ਦੀ ਪ੍ਰੀਖਿਆ ਜਾਂ ਇਸ ਦੇ ਬਰਾਬਰ ਦੀ ਕੋਈ ਹੋਰ ਮਾਨਤਾ-ਪ੍ਰਾਪਤ ਪ੍ਰੀਖਿਆ ਪਾਸ ਕੀਤੀ ਹੋਵੇ, ਬੀ.ਏ. ਸਮੈਸਟਰ-ਪਹਿਲਾ ਵਿੱਚ ਦਾਖ਼ਲਾ ਲੈਣ ਦੇ ਯੋਗ ਹੈ।
ਬੀ.ਏ. ਸਮੈਸਟਰ ਦੂਜਾ (ਸਮੈਸਟਰ ਸਿਸਟਮ): ਜਿਸ ਵਿਦਿਆਰਥੀ ਨੇ ਬੀ.ਏ. ਭਾਗ ਪਹਿਲਾ ਦੀ ਸਮੈਸਟਰ ਪ੍ਰਣਾਲੀ ਵਿਚੋਂ ਕੁੱਲ ਪੇਪਰਾਂ ਦੇ ਘੱਟੋ ਘੱਟ 50% ਪੇਪਰ ਪਾਸ ਕੀਤੇ ਹੋਣ।
ਬੀ.ਏ. ਭਾਗ ਤੀਜਾ: (ਸਮੈਸਟਰ ਸਿਸਟਮ): ਜਿਸ ਵਿਦਿਆਰਥੀ ਨੇ ਬੀ.ਏ. ਭਾਗ ਪਹਿਲਾ ਅਤੇ ਭਾਗ ਦੂਜਾ ਦੀ ਸਮੈਸਟਰ ਪ੍ਰਣਾਲੀ ਵਿਚੋਂ ਕੁੱਲ ਪੇਪਰਾਂ (4 ਸਮੈਸਟਰਾਂ) ਦੇ ਘੱਟੋ ਘੱਟ 50% ਪੇਪਰ ਪਾਸ ਕੀਤੇ ਹੋਣ।

ਨੋਟ : ਮੈਥੇਮੈਟਿਕਸ ਲੈਣ ਵਾਲੇ ਵਿਦਿਆਰਥੀ ਦਾ +2 ਵਿੱਚ ਗਣਿਤ ਦਾ ਵਿਸ਼ਾ ਪਾਸ ਹੋਣਾ ਲਾਜ਼ਮੀ ਹੈ।

ਨੋਟ:

1. **ਬੀ.ਏ. ਸਮੈਸਟਰ-ਪਹਿਲਾ ਵਿਚ ਵਿਦਿਆਰਥੀ ਅਜਿਹੇ ਵਿਸ਼ੇ ਵੀ ਲੈ ਸਕਦਾ ਹੈ ਜੋ ਉਸ ਨੇ 10+2 ਵਿਚ ਨਹੀਂ ਪੜ੍ਹੇ ਸਨ।**
2. ਸਾਰੇ ਵਿਸ਼ਿਆਂ ਵਿਚ ਸੀਟਾਂ ਸੀਮਤ ਹਨ। (ਸੀਟ ਉਪਲੱਬਧ ਨਾ ਹੋਣ ਦੀ ਸੂਰਤ ਵਿਚ ਵਿਦਿਆਰਥੀ ਨੂੰ ਵਿਸ਼ਾ ਬਦਲਣਾ ਪਵੇਗਾ।)
3. ਵਿਦਿਆਰਥੀ ਦੋ ਤੋਂ ਵੱਧ ਪ੍ਰੈਕਟੀਕਲ ਵਿਸ਼ੇ ਨਹੀਂ ਲੈ ਸਕਦਾ।
4. 10+2, ਕਾਮਰਸ ਨਾਲ ਪਾਸ ਹੋਏ ਵਿਦਿਆਰਥੀ ਬੀ.ਏ.ਸਮੈਸਟਰ-ਪਹਿਲਾ ਵਿੱਚ ਗਣਿਤ ਦਾ ਵਿਸ਼ਾ ਨਹੀਂ ਲੈ ਸਕਦੇ।
5. ਪੰਜਾਬੀ ਮੁੱਢਲਾ ਗਿਆਨ ਦਾ ਵਿਸ਼ਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਹੀ ਪੰਜਾਬੀ ਲਾਜ਼ਮੀ ਦੀ ਥਾਂ 'ਤੇ ਦਿੱਤਾ ਜਾਵੇਗਾ।
6. ਵਿਦਿਆਰਥੀ ਗਣਿਤ ਵਿਸ਼ੇ ਨਾਲ ਕੇਵਲ ਇੱਕ ਹੀ ਪ੍ਰੈਕਟੀਕਲ ਵਾਲਾ ਵਿਸ਼ਾ ਲੈ ਸਕਦਾ ਹੈ।
7. ਸਰੀਰਕ ਸਿੱਖਿਆ ਦਾ ਵਿਸ਼ਾ ਲੈਣ ਵਾਲੇ ਵਿਦਿਆਰਥੀ ਇਸ ਫਾਰਮ ਵਿਚ ਸਰੀਰਕ ਸਿੱਖਿਆ ਦਾ ਵਿਸ਼ਾ ਨਹੀਂ ਭਰਨਗੇ। **ਸਰੀਰਕ ਸਿੱਖਿਆ ਦਾ ਵਿਸ਼ਾ ਸਕਰੀਨਿੰਗ ਟੈਸਟ ਪਾਸ ਕਰਨ ਤੋਂ ਬਾਅਦ ਮੈਰਿਟ ਦੇ ਆਧਾਰ 'ਤੇ ਦਿੱਤਾ ਜਾਵੇਗਾ।** ਸਰੀਰਕ ਸਿੱਖਿਆ ਦਾ ਵਿਸ਼ਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਲਈ ਪ੍ਰੈਕਟੀਕਲ ਦੀ ਕਲਾਸ ਵਿੱਚ ਨਿਰਧਾਰਿਤ ਕਿੱਟ ਪਾਉਣਾ ਜ਼ਰੂਰੀ ਹੋਵੇਗਾ।
8. ਕਾਲਜ ਟਾਈਮ-ਟੇਬਲ ਵਿੱਚ ਵਿਸ਼ਿਆਂ ਦੇ ਟਕਰਾਅ (Clash) ਦੀ ਸਥਿਤੀ ਪੈਦਾ ਹੋਣ ਦੀ ਹਾਲਤ ਵਿਚ ਵਿਦਿਆਰਥੀ ਨੂੰ ਆਪਣਾ ਵਿਸ਼ਾ ਬਦਲਣਾ ਪਵੇਗਾ।
9. Environment Studies ਦਾ ਵਿਸ਼ਾ ਯੂ.ਜੀ.ਸੀ./ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਿਯਮਾਂ ਅਨੁਸਾਰ ਪੜ੍ਹਾਇਆ ਜਾਵੇਗਾ।
10. ਮਾਣਯੋਗ ਹਾਈ ਕੋਰਟ ਦੇ ਆਦੇਸ਼ ਅਨੁਸਾਰ Drug Abuse: Problem, Management and Prevention ਦਾ ਵਿਸ਼ਾ ਵਿਦਿਆਰਥੀਆਂ ਲਈ ਦੂਜੇ ਸਮੈਸਟਰ ਵਿਚ ਪਾਸ ਕਰਨਾ ਲਾਜ਼ਮੀ ਹੋਵੇਗਾ। ਇਹ ਪੇਪਰ ਕੁਆਲੀਫਾਈਂਗ ਕਿਸਮ ਦਾ ਹੈ।
11. **ਆਰਟਸ ਗਰੁੱਪ ਵਿਚ ਹੇਠ ਲਿਖੇ ਪ੍ਰੈਕਟੀਕਲ ਵਿਸ਼ੇ ਹਨ:**

ਜੌਗਰਫ਼ੀ (ਭੂਗੋਲ), ਸਾਈਕਾਲੌਜੀ, ਫਾਈਨ ਆਰਟਸ, ਫਿਜ਼ੀਕਲ ਐਜੂਕੇਸ਼ਨ, ਫੰਕਸ਼ਨਲ ਇੰਗਲਿਸ਼, ਗੁਰਮਤਿ ਸੰਗੀਤ, ਮਿਊਜ਼ਿਕ (ਵੋਕਲ), ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ, ਕੰਪਿਊਟਰ ਸਾਇੰਸ ਅਤੇ ਇਨਫਰਮੇਸ਼ਨ ਟੈਕਨਾਲੌਜੀ।

4.2 ਸਾਇੰਸ ਗਰੁੱਪ

ਬੀ.ਐਸਸੀ. ਸਮੈਸਟਰ-ਪਹਿਲਾ

ਮੈਡੀਕਲ:

ਪੰਜਾਬੀ ਲਾਜ਼ਮੀ, ਕੈਮਿਸਟਰੀ, ਬਾਟਨੀ ਅਤੇ ਜ਼ੁਆਲੋਜੀ।

ਨਾਨ-ਮੈਡੀਕਲ:

ਪੰਜਾਬੀ ਲਾਜ਼ਮੀ, ਕੈਮਿਸਟਰੀ ਜਾਂ ਕੰਪਿਊਟਰ ਸਾਇੰਸ, ਫਿਜ਼ਿਕਸ ਅਤੇ ਮੈਥੇਮੈਟਿਕਸ।

ਬੀ.ਐਸਸੀ. ਭਾਗ-ਦੂਜਾ ਅਤੇ ਤੀਜਾ (ਮੈਡੀਕਲ) ਸਮੈਸਟਰ ਸਿਸਟਮ (ਨਿਰਧਾਰਤ ਸਿਲੇਬਸ ਮੁਤਾਬਿਕ)

ਬੀ.ਐਸਸੀ. ਭਾਗ-ਦੂਜਾ ਅਤੇ ਤੀਜਾ (ਨਾਨ-ਮੈਡੀਕਲ) ਸਮੈਸਟਰ ਸਿਸਟਮ (ਨਿਰਧਾਰਤ ਸਿਲੇਬਸ ਮੁਤਾਬਿਕ)

ਦਾਖ਼ਲੇ ਲਈ ਪਾਤਰਤਾ:

ਬੀ.ਐਸਸੀ. ਸਮੈਸਟਰ-ਪਹਿਲਾ: ਅਜਿਹਾ ਵਿਦਿਆਰਥੀ ਜਿਸ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਸਾਇੰਸ ਗਰੁੱਪ ਵਿਚ +2 ਦੀ ਪ੍ਰੀਖਿਆ ਜਾਂ ਇਸ ਦੇ ਬਰਾਬਰ ਦੀ ਕੋਈ ਹੋਰ ਮਾਨਤਾ ਪ੍ਰਾਪਤ ਯੂਨੀਵਰਸਿਟੀ/ਬੋਰਡ ਤੋਂ ਪ੍ਰੀਖਿਆ ਪਾਸ ਕੀਤੀ ਹੋਵੇ, ਬੀ.ਐਸਸੀ. ਸਮੈਸਟਰ-ਪਹਿਲਾ ਵਿੱਚ ਦਾਖ਼ਲਾ ਲੈਣ ਦੇ ਯੋਗ ਹੈ।

ਬੀ.ਐਸਸੀ. ਭਾਗ ਦੂਜਾ (ਸਮੈਸਟਰ ਸਿਸਟਮ): ਜਿਸ ਵਿਦਿਆਰਥੀ ਨੇ ਬੀ.ਐਸਸੀ. ਭਾਗ ਪਹਿਲਾ ਦੇ ਸਮੈਸਟਰ ਪ੍ਰਣਾਲੀ ਵਿਚਲੇ ਕੁੱਲ ਪੇਪਰਾਂ ਦਾ 50% ਪੇਪਰ ਪਾਸ ਕੀਤੇ ਹੋਣ।

ਬੀ.ਐਸਸੀ. ਭਾਗ ਤੀਜਾ (ਸਮੈਸਟਰ ਸਿਸਟਮ): ਜਿਸ ਵਿਦਿਆਰਥੀ ਨੇ ਬੀ.ਐਸਸੀ. ਭਾਗ ਪਹਿਲਾ ਅਤੇ ਦੂਜਾ ਦੇ ਸਮੈਸਟਰ ਪ੍ਰਣਾਲੀ ਵਿਚਲੇ ਕੁੱਲ ਪੇਪਰਾਂ (4 ਸਮੈਸਟਰਾਂ) ਦਾ ਘੱਟੋ ਘੱਟ 50% ਪੇਪਰ ਪਾਸ ਕੀਤੇ ਹੋਣ।

ਸਾਰੀਆਂ ਕਲਾਸਾਂ ਦਾ ਸਿਲੇਬਸ ਕਾਲਜ ਦੀ ਵੈਬਸਾਈਟ/ਲਾਇਬ੍ਰੇਰੀ ਵਿਚ ਉਪਲੱਬਧ ਹੈ।

4.3 ਐਮ. ਏ. ਅਰਥਸ਼ਾਸਤਰ (M.A. Ecomomic)

ਅਰਥਸ਼ਾਸਤਰ ਅਰਥਚਾਰੇ ਦੀ ਆਮਦਨ, ਪੂੰਜੀ ਅਤੇ ਕਲਿਆਣ ਦੇ ਅਧਿਐਨ ਅਤੇ ਆਰਥਿਕ ਨੀਤੀ ਦੇ ਡਿਜ਼ਾਇਨ ਨਾਲ ਸਬੰਧਤ ਹੈ। ਅਰਥਸ਼ਾਸਤਰ ਦਾ ਅਧਿਆਪਨ ਉਹਨਾਂ ਆਰਥਿਕ ਮੁੱਦਿਆਂ ਦੀ ਵਿਸ਼ਾਲ ਸ਼੍ਰੇਣੀ ਸਬੰਧੀ ਬੋਧ ਪ੍ਰਦਾਨ ਕਰਦਾ ਹੈ ਜੋ ਕਿ ਰੋਜ਼ਮਰਾ ਵਿੱਚ ਵਪਾਰ, ਉਦਯੋਗ, ਵਿੱਤੀ ਸੰਸਥਾਨਾਂ, ਸਰਕਾਰ ਅਤੇ ਆਮ ਜਨਤਾ ਨੂੰ ਦਰਪੇਸ਼ ਹੁੰਦੀਆਂ ਹਨ। ਅਰਥਸ਼ਾਸਤਰ ਉਦਯੋਗ ਅਤੇ ਸਮਾਜ ਦੇ ਪਰਸਪਰ ਸਬੰਧ, ਆਰਥਿਕ ਰੁਝਾਨਾਂ ਦੇ ਮਾਪ, ਕਾਰਨ ਅਤੇ ਪ੍ਰਭਾਵ ਦੇ ਉੱਪਰ ਕੇਂਦਰਿਤ ਹੈ। ਇਸ ਕੋਰਸ ਦੌਰਾਨ ਵਿਦਿਆਰਥੀਆਂ ਨੂੰ ਵੱਖ ਵੱਖ ਅੰਕੜਾ ਤਕਨੀਕਾਂ ਦੀ ਵਰਤੋਂ ਕਰਕੇ ਮੌਜੂਦਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਾਤਾਂ ਦੀ ਅਸਲ ਵਿਆਖਿਆ ਕਰਨ ਯੋਗ ਬਣਾਇਆ ਜਾਂਦਾ ਹੈ। ਕੋਰਸ ਪੂਰਾ ਕਰਨ ਉਪਰੰਤ ਵਿਦਿਆਰਥੀ ਵੱਖ-ਵੱਖ ਖੇਤਰਾਂ ਵਿੱਚ ਆਪਣਾ ਭਵਿੱਖ ਬਣਾ ਸਕਦੇ ਹਨ।

ਯੋਗਤਾ

ਵਿਦਿਆਰਥੀ ਵੱਲੋਂ ਅੰਡਰ-ਗਰੈਜੂਏਟ ਪੱਧਰ 'ਤੇ ਘੱਟੋ ਘੱਟ 50 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਦਾਖ਼ਲਾ ਪੰਜਾਬੀ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ।

ਨੋਟ: ਕਾਲਜ ਵਿਚ ਚੱਲ ਰਹੇ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਦੀ ਜਾਣਕਾਰੀ ਅਤੇ ਦਾਖ਼ਲਾ ਫਾਰਮ ਲਈ ਪ੍ਰੋਫੈਸ਼ਨਲ ਕੋਰਸਾਂ ਦਾ ਪ੍ਰਾਸਪੈਕਟਸ ਅਲੱਗ ਹੈ।

5. ਇਮਤਿਹਾਨਾਂ ਲਈ ਯੋਗਤਾ ਅਤੇ ਸ਼ਰਤਾਂ

5.1 ਹਰੇਕ ਸਮੈਸਟਰ ਵਿਚ ਵਿਦਿਆਰਥੀ ਲਈ ਐਮ.ਐਸ.ਟੀ. (MST) ਦੇਣੇ ਲਾਜ਼ਮੀ ਹਨ। ਇਨ੍ਹਾਂ ਇਮਤਿਹਾਨਾਂ ਵਿਚ ਬ਼ਗ਼ੈਰ ਕਿਸੇ ਵਾਜਬ ਕਾਰਨ ਅਤੇ ਅਗਾਊਂ ਪ੍ਰਵਾਨਗੀ ਲਏ ਬਿਨ੍ਹਾਂ ਗ਼ੈਰ ਹਾਜ਼ਰ ਰਹਿਣ ਵਾਲੇ ਵਿਦਿਆਰਥੀਆਂ ਨੂੰ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ।

5.2 ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਲਗਾਤਾਰ ਮੁਲਾਂਕਣ ਨੂੰ ਮੁੱਖ ਰੱਖਦੇ ਹੋਏ Internal Assessment ਸਾਰੇ ਕੋਰਸਾਂ ਵਿੱਚ ਲਾਗੂ ਹੈ। Internal Assessment ਦੇ ਅੰਕ ਟੈਸਟ,ਹਾਜ਼ਰੀਆਂ, ਸੈਮੀਨਾਰ, ਇੰਟਰਵਿਊ, ਪ੍ਰੋਜੈਕਟ ਆਦਿ ਉੱਪਰ ਅਧਾਰਿਤ ਹੋਣਗੇ। ਇਹ ਅੰਕ ਸਮੈਸਟਰ ਦੀ ਪ੍ਰੀਖਿਆ ਦੇ ਅੰਕਾਂ ਵਿੱਚ ਸ਼ਾਮਿਲ ਕੀਤੇ ਜਾਣਗੇ।

5.3 ਹਾਜ਼ਰੀਆਂ ਸੰਬੰਧੀ ਸ਼ਰਤਾਂ:

ਨਿਰਧਾਰਤ ਨਿਯਮਾਂ ਅਨੁਸਾਰ ਹਰ ਵਿਦਿਆਰਥੀ ਨੂੰ ਹਰ ਵਿਸ਼ੇ ਵਿੱਚ ਡਲਿਵਰਡ ਲੈਕਚਰਾਂ ਵਿਚੋਂ 75% ਹਾਜ਼ਰੀਆਂ ਲਾਉਣੀਆਂ ਜ਼ਰੂਰੀ ਹੋਣਗੀਆਂ। ਹਾਜ਼ਰੀਆਂ ਵਿਚ ਰਿਆਇਤ ਦੇਣ ਦਾ ਅਧਿਕਾਰ ਨਿਯਮਾਂ ਅਨੁਸਾਰ ਡਾਇਰੈਕਟਰ-ਪ੍ਰਿੰਸੀਪਲ ਕੋਲ ਹੋਵੇਗਾ।

5.4 ਹਾਜ਼ਰੀ ਸੰਬੰਧੀ ਨਿਰਧਾਰਤ ਸ਼ਰਤਾਂ ਪੂਰੀਆਂ ਨਾ ਕਰ ਸਕਣ ਦੀ ਸੂਰਤ ਵਿਚ ਵਿਦਿਆਰਥੀ ਨੂੰ ਇਮਤਿਹਾਨ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

5.5 ਸਾਰੇ ਵਿਦਿਆਰਥੀਆਂ ਲਈ ਕਾਲਜ ਵੱਲੋਂ ਰੱਖੇ ਗਏ ਇਮਤਿਹਾਨਾਂ ਵਿੱਚ ਬੈਠਣਾ ਜ਼ਰੂਰੀ ਹੈ। ਬਿਨ੍ਹਾਂ ਆਗਿਆ ਲਏ ਇਮਤਿਹਾਨ ਵਿਚੋਂ ਗ਼ੈਰ-ਹਾਜ਼ਰ ਵਿਦਿਆਰਥੀ ਨੂੰ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ।

5.6 ਇਮਤਿਹਾਨ ਵਿੱਚ ਛੁੱਟੀ ਲੈਣ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਵਿਦਿਆਰਥੀ ਇਮਤਿਹਾਨ ਦੀਆਂ ਸ਼ਰਤਾਂ ਪੂਰੀਆਂ ਕਰਨ ਤੋਂ ਬਚ ਜਾਵੇਗਾ ਸਗੋਂ ਬਾਅਦ ਵਿਚ ਇਹ ਸ਼ਰਤਾਂ ਪੂਰੀਆਂ ਕਰਨ ਦੀ ਜ਼ਿੰਮੇਵਾਰੀ ਉਸ ਦੀ ਆਪਣੀ ਹੋਵੇਗੀ।

5.7 ਐਮ.ਐਸ.ਟੀ. ਇਮਤਿਹਾਨ ਵਿਚ ਜਿਹੜਾ ਵਿਦਿਆਰਥੀ ਨਕਲ ਜਾਂ ਹੋਰ ਅਣਉੱਚਿਤ ਤਰੀਕੇ ਅਪਣਾਏਗਾ ਉਸ ਨੂੰ ਪ੍ਰਿੰਸੀਪਲ/ ਪ੍ਰੀਖਿਆ ਕਮੇਟੀ ਵੱਲੋਂ ਉੱਚਿਤ ਸਜ਼ਾ ਦਿੱਤੀ ਜਾਵੇਗੀ ਅਤੇ ਵਿਦਿਆਰਥੀ ਨੂੰ ਸਲਾਨਾ/ ਸਮੈਸਟਰ ਪ੍ਰੀਖਿਆ ਵਿੱਚੋਂ ਵੰਚਿਤ ਕੀਤਾ ਜਾਵੇਗਾ।

6. ਪੰਜਾਬੀ ਵਿਸ਼ੇ ਸੰਬੰਧੀ ਜ਼ਰੂਰੀ ਸੂਚਨਾ

6.1 ਪੰਜਾਬੀ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਜਿਹੜੇ ਵਿਦਿਆਰਥੀਆਂ ਦੀ ਮਾਤ-ਭਾਸ਼ਾ ਪੰਜਾਬੀ ਨਹੀਂ ਹੈ ਉਨ੍ਹਾਂ ਨੂੰ ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ 'ਤੇ ਪੰਜਾਬੀ ਮੁੱਢਲਾ ਗਿਆਨ ਦਾ ਵਿਸ਼ਾ ਪਾਸ ਕਰਨਾ ਲਾਜ਼ਮੀ ਹੋਵੇਗਾ। ਬੀ.ਏ./ਬੀ.ਕਾਮ/ਬੀ.ਐਸਸੀ. ਭਾਗ ਪਹਿਲਾ ਕਿਸੇ ਹੋਰ ਯੂਨੀਵਰਸਿਟੀ ਤੋਂ ਪਾਸ ਕਰਨ ਉਪਰੰਤ ਬੀ.ਏ./ਬੀ.ਕਾਮ ਭਾਗ ਦੂਜਾ ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਨੂੰ ਵੀ ਪੰਜਾਬੀ ਮੁੱਢਲਾ ਗਿਆਨ ਵਿਸ਼ਾ ਪੜ੍ਹਨਾ ਪਵੇਗਾ।

7. ਛੁੱਟੀ ਸੰਬੰਧੀ ਨਿਯਮ

7.1 ਆਮ ਹਾਲਤਾਂ ਵਿੱਚ ਹਰੇਕ ਵਿਦਿਆਰਥੀ ਨੂੰ ਗ਼ੈਰ-ਹਾਜ਼ਰ ਹੋਣ ਤੋਂ ਪਹਿਲਾਂ ਹੀ ਛੁੱਟੀ ਦੀ ਆਗਿਆ ਲੈਣੀ ਜ਼ਰੂਰੀ ਹੈ। ਅਚਾਨਕ ਬੀਮਾਰ ਹੋ ਜਾਣ 'ਤੇ ਜਾਂ ਕਿਸੇ ਦੁਰਘਟਨਾ ਦੀ ਹਾਲਤ ਵਿਚ ਛੁੱਟੀ ਬਾਅਦ ਵਿੱਚ ਮਨਜ਼ੂਰ ਕਰਵਾਈ ਜਾ ਸਕਦੀ ਹੈ।

7.2 ਛੁੱਟੀ ਕਾਲਜ ਵੱਲੋਂ ਨਿਰਧਾਰਤ ਫਾਰਮ ਉੱਪਰ ਹੀ ਲੈਣੀ ਹੋਵੇਗੀ। ਫਾਰਮ ਕਾਲਜ ਦੀ ਵੈੱਬਸਾਈਟ 'ਤੇ ਉਪਲੱਬਧ ਹੈ।

7.3 ਇੱਕ ਦਿਨ ਤੱਕ ਦੀ ਛੁੱਟੀ ਦੇਣ ਲਈ ਵਿਭਾਗ ਦਾ ਮੁਖੀ ਸਮਰੱਥ ਅਧਿਕਾਰੀ ਹੈ।

7.4 ਤਿੰਨ ਦਿਨਾਂ ਤੱਕ ਦੀ ਛੁੱਟੀ ਟਿਊਟਰ ਤੋਂ ਪ੍ਰਵਾਨ ਕਰਵਾਈ ਜਾ ਸਕਦੀ ਹੈ।

7.5 ਇੱਕ ਹਫ਼ਤੇ ਤੱਕ ਦੀ ਛੁੱਟੀ ਡੀਨ ਵਿਦਿਆਰਥੀ ਭਲਾਈ ਤੋਂ ਪ੍ਰਵਾਨ ਕਰਵਾਈ ਜਾ ਸਕਦੀ ਹੈ।

7.6 ਦੋ ਹਫ਼ਤੇ ਤੱਕ ਦੀ ਛੁੱਟੀ ਡੀਨ ਅਕਾਦਮਿਕ ਮਾਮਲਿਆਂ ਤੋਂ ਪ੍ਰਵਾਨ ਕਰਵਾਈ ਜਾ ਸਕਦੀ ਹੈ।

7.7 ਇਸ ਤੋਂ ਵੱਧ ਸਮੇਂ ਦੀ ਛੁੱਟੀ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਤੋਂ ਪ੍ਰਵਾਨ ਕਰਵਾਈ ਜਾ ਸਕਦੀ ਹੈ

7.8 ਮਾਤਾ/ਪਿਤਾ ਜਾਂ ਸਰਪ੍ਰਸਤ ਦੀ ਸਹਿਮਤੀ ਤੋਂ ਬਿਨ੍ਹਾਂ ਛੁੱਟੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

7.9 ਜਿਹੜਾ ਵਿਦਿਆਰਥੀ ਕਿਸੇ ਵੀ ਵਿਸ਼ੇ ਵਿਚ ਛੁੱਟੀ ਤੋਂ ਬਿਨ੍ਹਾਂ ਲਗਾਤਾਰ ਦਸ ਦਿਨ ਗ਼ੈਰ-ਹਾਜ਼ਰ ਰਹਿੰਦਾ ਹੈ, ਉਸ ਦਾ ਨਾਂ ਕਾਲਜ ਵਿਚੋਂ ਕੱਟ ਦਿੱਤਾ ਜਾਵੇਗਾ। ਗੈਰ ਹਾਜ਼ਰੀ ਦਾ ਜੁਰਮਾਨਾ ਵਿਦਿਆਰਥੀ ਨੂੰ ਭਰਨਾ ਪਵੇਗਾ।

7.10 ਬੀਮਾਰੀ ਸੰਬੰਧੀ ਛੁੱਟੀ (Medical Leave) ਦੀ ਅਰਜ਼ੀ ਨਾਲ ਐਮ.ਬੀ.ਬੀ.ਐਸ. ਡਾਕਟਰ ਦਾ ਸਰਟੀਫਿਕੇਟ ਹੀ ਮੰਨਿਆ ਜਾਵੇਗਾ।

7.11 Mass-Bunk ਕਰਨ ਵਾਲੀ ਕਲਾਸ ਦੇ ਹਰ ਵਿਦਿਆਰਥੀ ਨੂੰ ਨਿਰਧਾਰਿਤ ਜੁਰਮਾਨਾ ਕੀਤਾ ਜਾਵੇਗਾ।

8. ਮੈਂਟੋਰਿੰਗ ਸਿਸਟਮ (Mentoring System)

ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਪਰਸਪਰ ਸੰਬੰਧਾਂ ਨੂੰ ਵਧੇਰੇ ਨਿੱਘੇ ਬਣਾਉਣ ਲਈ ਕਾਲਜ ਦੇ ਸਾਰੇ ਵਿਦਿਆਰਥੀਆਂ ਨੂੰ ਮੈਂਟੋਰਿੰਗ ਗਰੁੱਪਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਹਰੇਕ ਗਰੁੱਪ ਦਾ ਇੰਚਾਰਜ ਇਕ ਅਧਿਆਪਕ ਹੁੰਦਾ ਹੈ। ਪੀਰੀਅਡ ਵਿਚ ਵਿਦਿਆਰਥੀਆਂ ਨੇ ਆਪਣੀਆਂ ਔਕੜਾਂ ਦੱਸਣੀਆਂ ਹੁੰਦੀਆਂ ਹਨ ਅਤੇ ਆਪਣੀਆਂ ਸਭਿਆਚਾਰਕ/ਸਹਿ ਵਿੱਦਿਅਕ ਰੁਚੀਆਂ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ। ਅਧਿਆਪਕ ਇੰਚਾਰਜ (Mentor) ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀਆਂ ਔਕੜਾਂ ਨੂੰ ਸੁਣਦਾ ਅਤੇ ਸੁਲਝਾਉਂਦਾ ਹੈ। **ਮੈਂਟੋਰਿੰਗ ਦੇ ਪੀਰੀਅਡ ਹਰ ਮਹੀਨੇ ਦੇ ਦੂਸਰੇ ਸ਼ੁੱਕਰਵਾਰ ਲੱਗਣਗੇ।**

9. ਫੀਸ ਮੁਆਫ਼ੀ

9.1 ਟਿਊਸ਼ਨ ਫੀਸ ਦੀ ਰਿਆਇਤ ਪੰਜਾਬ ਸਰਕਾਰ ਦੇ ਨਿਯਮਾਂ ਮੁਤਾਬਿਕ ਕੀਤੀ ਜਾਵੇਗੀ। ਪੰਜਾਬ ਸਰਕਾਰ ਦੇ ਨਿਯਮਾਂ ਮੁਤਾਬਿਕ ਐਸ.ਸੀ. ਅਤੇ ਬੀ.ਸੀ. ਸ਼੍ਰੇਣੀਆਂ ਨਾਲ ਸਬੰਧਿਤ ਵਿਦਿਆਰਥੀ ਨਿਰਧਾਰਤ ਆਮਦਨੀ ਅਨੁਸਾਰ ਫੀਸ ਮੁਆਫ਼ੀ ਲਈ ਯੋਗ ਹੋਣਗੇ।

9.2 ਇਸ ਸੰਬੰਧ ਵਿਚ ਅਰਜ਼ੀ ਨਿਰਧਾਰਤ ਫਾਰਮ ਉੱਤੇ ਦੇਣੀ ਹੋਵੇਗੀ ਜੋ ਕਾਲਜ ਦਫ਼ਤਰ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਉੱਤੇ ਪਿਤਾ ਜਾਂ ਸਰਪ੍ਰਸਤ ਦੇ ਹਸਤਾਖ਼ਰ ਕੀਤੇ ਹੋਣੇ ਚਾਹੀਦੇ ਹਨ। ਫ਼ਾਰਮ ਉੱਤੇ ਗਰੁੱਪ ਮੈਂਟਰ ਦੀ ਸਿਫਾਰਸ਼ ਹੋਣੀ ਵੀ ਜ਼ਰੂਰੀ ਹੈ। ਫੀਸ ਮੁਆਫ਼ੀ ਪ੍ਰਿੰਸੀਪਲ ਵੱਲੋਂ ਗਠਿਤ ਕਮੇਟੀ ਦੀਆਂ ਸਿਫਾਰਸ਼ਾਂ ਉੱਪਰ ਕੀਤੀ ਜਾਵੇਗੀ।

9.3 ਫੀਸ ਕੇਵਲ ਉਸੇ ਹਾਲਤ ਵਿਚ ਮੁਆਫ਼ ਰਹਿ ਸਕਦੀ ਹੈ ਜੇਕਰ ਵਿਦਿਆਰਥੀ ਲੈਕਚਰਾਂ ਵਿਚ ਬਕਾਇਦਾ ਹਾਜ਼ਰ ਰਹਿੰਦਾ ਹੈ, ਪੜ੍ਹਾਈ ਵਿਚ ਸੰਤੋਸ਼ਜਨਕ ਪ੍ਰਗਤੀ ਵਿਖਾਉਂਦਾ ਹੈ ਅਤੇ ਕਾਲਜ ਦੀ ਘਰੇਲੂ ਪਰੀਖਿਆ ਵਿਚ ਚੰਗੇ ਨੰਬਰ ਪ੍ਰਾਪਤ ਕਰਦਾ ਹੈ। ਉਸ ਵਿਦਿਆਰਥੀ ਤੋਂ **ਫੀਸ ਮੁਆਫ਼ੀ ਵਾਪਸ ਲਈ ਜਾ ਸਕਦੀ ਹੈ,** ਜਿਸ ਦੇ ਆਚਰਣ ਬਾਰੇ ਕਾਲਜ ਦੇ ਕਿਸੇ ਅਧਿਕਾਰੀ ਨੂੰ ਸ਼ਿਕਾਇਤ ਹੋਵੇ ਜਾਂ ਉਹ ਪੜ੍ਹਾਈ ਵਿਚ ਬੇਨਿਯਮੀ ਜਾਂ ਅਣਗਹਿਲੀ ਕਰਦਾ ਹੋਵੇ।

10. ਹੋਣਹਾਰ ਵਿਦਿਆਰਥੀਆਂ ਲਈ ਫੀਸ ਵਿਚ ਖ਼ਾਸ ਰਿਆਇਤ

• ਸਟੇਟ ਟਾਪਰ ਵਿਦਿਆਰਥੀ ਲਈ ਪੂਰੀ ਫੀਸ ਮੁਆਫ਼ ਹੋਵੇਗੀ। • ਜਿਲ੍ਹਾ ਟਾਪਰ ਲਈ 50% ਫੀਸ ਜਾਂ 20 ਹਜ਼ਾਰ ਰੁਪਏ (ਜਿਹੜੀ ਰਕਮ ਘੱਟ ਹੋਵੇਗੀ) ਮੁਆਫ਼ ਹੋਵੇਗੀ • 95% ਅੰਕਾਂ ਤੋ ਵੱਧ ਪ੍ਰਾਪਤੀ ਵਾਲੇ ਵਿਦਿਆਰਥੀਆਂ ਦੀ 11 ਹਜ਼ਾਰ ਫੀਸ ਮੁਆਫ਼ ਹੋਵੇਗੀ। • 90% ਤੋਂ 95% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ 5 ਹਜ਼ਾਰ ਰੁਪਏ ਫੀਸ ਮੁਆਫ਼ ਹੋਵੇਗੀ। • 85% ਤੋਂ 90% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ 3 ਹਜ਼ਾਰ ਰੁਪਏ ਫੀਸ ਮੁਆਫ਼ ਹੋਵੇਗੀ। • 80% ਤੋਂ 85% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ 2 ਹਜ਼ਾਰ ਰੁਪਏ ਫੀਸ ਮੁਆਫ਼ ਹੋਵੇਗੀ।

11. ਟ੍ਰੇਨਿੰਗ ਅਤੇ ਪਲੇਸਮੈਂਟ ਸੈਲ

ਵਿਦਿਆਰਥੀਆਂ ਨੂੰ ਰੋਜ਼ਗਾਰ ਸੰਬੰਧੀ ਸੂਚਨਾ ਅਤੇ ਅਗਵਾਈ ਦੇਣ ਲਈ ਟ੍ਰੇਨਿੰਗ ਅਤੇ ਪਲੇਸਮੈਂਟ ਸੈਲ ਸਥਾਪਿਤ ਕੀਤਾ ਗਿਆ ਹੈ। ਵਿਦਿਆਰਥੀ ਆਪਣਾ email ID ਕੈਰੀਅਰ ਐਂਡ ਗਾਇਡੈਂਸ ਬਿਊਰੋ ਨੂੰ ਨੋਟ ਕਰਵਾ ਦੇਣ ਤਾਂ ਜੋ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਖੇਤਰ ਵਿੱਚ ਨਿਕਲਣ ਵਾਲੀਆਂ ਨੌਕਰੀਆਂ ਸਬੰਧੀ ਜਾਣਕਾਰੀ ਭੇਜੀ ਜਾ ਸਕੇ। ਵਿਦਿਆਰਥੀ ਰੋਜ਼ਗਾਰ ਸਬੰਧੀ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਕਾਲਜ ਦੇ ਟ੍ਰੇਨਿੰਗ ਅਤੇ ਪਲੇਸਮੈਂਟ ਸੈਲ ਵਿੱਚ ਸੰਪਰਕ ਕਰਨ। ਵਿਦਿਆਰਥੀ ਮੋਬਾਇਲ ਨੰਬਰ : 97813-21023 'ਤੇ ਸਪੰਰਕ ਕਰ ਸਕਦੇ ਹਨ।

12. ਸੋਸਾਇਟੀਆਂ, ਸਭਾਵਾਂ ਅਤੇ ਕਲੱਬ

ਕਾਲਜ ਵਿਚ ਸਥਾਪਿਤ ਵਿਸ਼ੇ ਸਭਾਵਾਂ ਅਤੇ ਸੰਗਠਨ ਪੂਰੀ ਸਰਗਰਮੀ ਨਾਲ ਕੰਮ ਕਰਦੇ ਹਨ। ਇਨ੍ਹਾਂ ਦੁਆਰਾ ਸੈਮੀਨਾਰ, ਪ੍ਰਸਿੱਧ ਵਿਦਵਾਨਾਂ ਦੇ ਲੈਕਚਰ, ਡੀਬੇਟ, ਸੰਗੀਤ, ਕਾਵਿ ਉਚਾਰਨ, ਭਾਸ਼ਣ ਪ੍ਰਤੀਯੋਗਤਾ, ਨਾਟਕ ਦੇ ਮੁਕਾਬਲੇ, ਵਿਗਿਆਨ ਮੇਲੇ, ਨੁਮਾਇਸ਼ਾਂ, ਟੂਰਨਾਮੈਂਟ ਅਤੇ ਵਿੱਦਿਅਕ ਟੂਰਾਂ ਦਾ ਵਿਦਿਆਰਥੀ ਵਰਗ ਦੇ ਸਰਵਪੱਖੀ ਵਿਕਾਸ ਲਈ ਪ੍ਰਬੰਧ ਕੀਤਾ ਜਾਂਦਾ ਹੈ। ਕਾਲਜ ਵਿਚ ਹੇਠ ਲਿਖੀਆਂ ਸਭਾਵਾਂ ਅਤੇ ਸੰਗਠਨ ਮੌਜੂਦ ਹਨ:

- 12.1 ਕਮਰਸ ਐਸੋਸੀਏਸ਼ਨ
- 12.2 ਅੰਗਰੇਜ਼ੀ ਸਾਹਿਤ ਸਭਾ
- 12.3 ਪਲੈਨਿੰਗ ਫੋਰਮ
- 12.4 ਪੰਜਾਬੀ ਸਾਹਿਤ ਸਭਾ
- 12.5 ਜੌਗਰਫੀ ਐਸੋਸੀਏਸ਼ਨ
- 12.6 ਹਿੰਦੀ ਸਾਹਿਤ ਪ੍ਰੀਸ਼ਦ
- 12.7 ਟੈਕਨੋ ਵਿਜ਼ਨ
- 12.8 ਸਾਇੰਸ ਸੋਸਾਇਟੀ
- 12.9 ਯੂਥ ਕਲੱਬ
- 12.10 ਬਾਬਾ ਬੰਦਾ ਸਿੰਘ ਬਹਾਦਰ ਕਲੱਬ
- 12.11 ਮੈਨੇਜਮੈਂਟ ਸੰਗਠਨ

13. ਕਾਲਜ ਮੈਗਜ਼ੀਨ

ਵਿਦਿਆਰਥੀਆਂ ਦੀਆਂ ਸਵੈ-ਪ੍ਰਗਟਾਵੇ ਦੀਆਂ ਰੁਚੀਆਂ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਦਾ ਆਪਣਾ ਮੈਗਜ਼ੀਨ 'ਫ਼ਤਹਿਗੜ੍ਹ' ਹਰ ਵਰ੍ਹੇ ਛਪਦਾ ਹੈ। ਇਸ ਵਿਚ ਪੰਜਾਬੀ, ਅੰਗਰੇਜ਼ੀ, ਹਿੰਦੀ, ਸਮਾਜਿਕ ਵਿਗਿਆਨ, ਕਮਰਸ, ਸਾਇੰਸ, ਕੰਪਿਊਟਰ, ਵਾਤਾਵਰਣ ਅਤੇ ਫੋਟੋਗ੍ਰਾਫੀ ਲਈ ਵੱਖ-ਵੱਖ ਸੈਕਸ਼ਨ ਹਨ। ਹਰ ਇਕ ਸੈਕਸ਼ਨ ਨੂੰ ਇੱਕ ਅਧਿਆਪਕ ਦੀ ਅਗਵਾਈ ਹੇਠ ਵਿਦਿਆਰਥੀ ਸੰਪਾਦਿਤ ਕਰਦੇ ਹਨ।

14. ਕਾਲਜ ਵੱਲੋਂ ਪ੍ਰਕਾਸ਼ਿਤ ਕੀਤੇ ਜਾਂਦੇ ਖੋਜ ਜਰਨਲ

ਫੈਕਲਟੀ ਅਤੇ ਵਿਦਿਆਰਥੀਆਂ ਵਿਚ ਖੋਜ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕਾਲਜ ਵੱਲੋਂ ਪੰਜਾਬ ਜਰਨਲ ਆਫ਼ ਬਿਜ਼ਨਸ ਸਟੱਡੀਜ਼ ਖੋਜ ਜਰਨਲ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

15. ਮਾਤਾ ਗੁਜਰੀ ਸਟੱਡੀ ਸਰਕਲ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਕਰਲ

ਕਾਲਜ ਵਿਚ ਵਿਦਿਆਰਥੀਆਂ ਨੂੰ ਨੈਤਿਕ, ਧਾਰਮਿਕ ਅਤੇ ਰੂਹਾਨੀ ਸਿੱਖਿਆ ਤੇ ਧਰਮ ਸੰਬੰਧੀ ਵਿਚਾਰ-ਵਟਾਂਦਰਾ ਕਰਨ ਦਾ ਮੌਕਾ ਦੇਣ ਲਈ ਮਾਤਾ ਗੁਜਰੀ ਸਟੱਡੀ ਸਰਕਲ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਸਥਾਪਨਾ ਕੀਤੀ ਗਈ ਹੈ। ਇਨ੍ਹਾਂ ਦੀਆਂ ਗਤੀਵਿਧੀਆਂ ਹੇਠ ਲਿਖੇ ਅਨੁਸਾਰ ਹਨ:

1 ਹਰ ਮਹੀਨੇ ਇਕ ਘੰਟੇ ਲਈ ਸਭਾ ਹੁੰਦੀ ਹੈ, ਜਿਸ ਵਿਚ ਧਾਰਮਿਕ ਸ਼ਬਦ ਗਾਇਨ, ਧਾਰਮਿਕ ਕਵਿਤਾਵਾਂ ਜਾਂ ਧਰਮ ਸੰਬੰਧੀ ਕੋਈ ਭਾਸ਼ਣ ਅਤੇ ਵਿਚਾਰ-ਵਟਾਂਦਰਾ ਹੁੰਦਾ ਹੈ।

2 ਸਾਲ ਵਿਚ ਘੱਟੋ-ਘੱਟ ਇੱਕ ਵਾਰ ਗੁਰਬਾਣੀ ਉੱਤੇ ਸੈਮੀਨਾਰ ਕਰਵਾਇਆ ਜਾਂਦਾ ਹੈ, ਜਿਸ ਵਿਚ ਬਾਹਰਲੇ ਵਿਦਵਾਨਾਂ, ਕਾਲਜ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਵੀ ਭਾਗ ਲੈਂਦੇ ਹਨ।

3 ਸਾਲ ਵਿਚ ਘੱਟ ਤੋਂ ਘੱਟ ਇਕ ਪ੍ਰਤੀਯੋਗਤਾ ਰੱਖੀ ਜਾਂਦੀ ਹੈ, ਜਿਸ ਵਿਚ ਸਾਡੇ ਕਾਲਜ ਦੇ ਵਿਦਿਆਰਥੀ ਅਤੇ ਬਾਹਰਲੇ ਕਾਲਜਾਂ ਦੇ ਵਿਦਿਆਰਥੀ ਧਾਰਮਿਕ ਵਿਸ਼ਿਆਂ ਉੱਤੇ ਭਾਸ਼ਣ ਕਰਦੇ ਹਨ।

4 ਕਾਲਜ ਦੇ ਅਕਾਦਮਿਕ ਸ਼ੈਸ਼ਨ ਦਾ ਆਰੰਭ ਅਤੇ ਸਮਾਪਨ ਸਮਾਰੋਹ ਸਿੱਖ ਪਰੰਪਰਾਵਾਂ ਅਨੁਸਾਰ ਕੀਤਾ ਜਾਂਦਾ ਹੈ।

5 ਫ਼ਤਹਿਗੜ੍ਹ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਵਿੱਚ ਸ਼ਮੂਲੀਅਤ ਕੀਤੀ ਜਾਂਦੀ ਹੈ।

6 ਧਾਰਮਿਕ ਅਤੇ ਇਤਿਹਾਸਕ ਸਥਾਨਾਂ ਦੀ ਯਾਤਰਾ ਦਾ ਪ੍ਰਬੰਧ ਕੀਤਾ ਜਾਂਦਾ ਹੈ।

16. ਸੱਭਿਆਚਾਰਕ ਸਰਗਰਮੀਆਂ

ਕਾਲਜ ਵਿਚ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਜ਼ੋਨਲ ਅਤੇ ਅੰਤਰ ਜ਼ੋਨਲ ਯੁਵਕ ਮੇਲਿਆਂ ਤੋਂ ਇਲਾਵਾ ਰਾਸ਼ਟਰੀ ਅਤੇ ਹੋਰ ਸੱਭਿਆਚਾਰਕ ਮੁਕਾਬਲਿਆਂ ਲਈ ਟ੍ਰੇਨਿੰਗ ਦੇ ਕੇ ਸ਼ਮੂਲੀਅਤ ਕਰਵਾਈ ਜਾਂਦੀ ਹੈ। ਕਾਲਜ ਵਿਚ ਗਿੱਧਾ, ਭੰਗੜਾ, ਲੋਕ-ਗੀਤ, ਵੈਸਟਰਨ ਸੋਂਗ, ਨਾਟਕ, ਮਾਈਮ, ਮਮੀਕਰੀ, ਡਿਬੇਟ, ਐਲੋਕਿਊਸ਼ਨ, ਕੁਇਜ਼, ਕੋਮਲ ਕਲਾਵਾਂ ਆਦਿ ਵਿਚ ਵਿਦਿਆਰਥੀਆਂ ਨੂੰ ਮਾਹਿਰਾਂ ਵੱਲੋਂ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਕਾਲਜ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਇਨ੍ਹਾਂ ਗਤੀਵਿਧੀਆਂ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੱਕ ਨਾਮਣਾ ਖੱਟਿਆ ਹੈ। ਇਨ੍ਹਾਂ ਸਰਗਰਮੀਆਂ ਵਿੱਚ ਭਾਗ ਲੈਣ ਅਤੇ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਉਚਿਤ ਇਨਾਮਾਂ/ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ।

17. ਵਜ਼ੀਫੇ ਤੇ ਹੋਰ ਸਹੂਲਤਾਂ

ਕਾਲਜ ਦੇ ਵਿਦਿਆਰਥੀਆਂ ਨੂੰ ਰਾਜ, ਯੂਨੀਵਰਸਿਟੀ ਅਤੇ ਕਾਲਜ ਪੱਧਰ 'ਤੇ ਹਰ ਤਰ੍ਹਾਂ ਦੇ ਵਜ਼ੀਫੇ ਦਿੱਤੇ ਜਾਂਦੇ ਹਨ। ਅਨੁਸੂਚਿਤ ਸ਼੍ਰੇਣੀਆਂ, ਪੱਛੜੀਆਂ ਜਾਤੀਆਂ ਅਤੇ ਘੱਟ ਗਿਣਤੀ ਧਰਮਾਂ ਲਈ ਸਰਕਾਰੀ ਵਜ਼ੀਫਿਆਂ ਤੋਂ ਇਲਾਵਾ ਗ਼ਰੀਬ ਅਤੇ ਹੋਣਹਾਰ ਵਿਦਿਆਰਥੀਆਂ ਲਈ ਯੋਗਤਾ ਵਜ਼ੀਫੇ ਜਾਂ ਕੇਂਦਰ ਸਰਕਾਰ ਵੱਲੋਂ ਕੌਮੀ ਵਜ਼ੀਫੇ ਵੀ ਦਿੱਤੇ ਜਾਂਦੇ ਹਨ। ਵਿਦਿਆਰਥੀ ਸਹਾਇਤਾ ਫੰਡ ਵਿਚੋਂ ਲੋੜਵੰਦ ਤੇ ਯੋਗ ਵਿਦਿਆਰਥੀਆਂ ਨੂੰ ਪੁਸਤਕਾਂ ਦੇ ਰੂਪ ਵਿਚ/ ਫੀਸ ਮੁਆਫ਼ੀ ਜਾਂ ਮਾਲੀ ਸਹਾਇਤਾ ਦੇ ਰੂਪ ਵਿੱਚ ਮਦਦ ਦਿੱਤੀ ਜਾਂਦੀ ਹੈ। ਸਰਕਾਰ ਦੀਆਂ ਵਜੀਫ਼ਾ ਸਕੀਮਾਂ ਕਾਲਜ ਵਿੱਚ ਪੜ੍ਹਦੇ ਵਿਦਿਆਰਥੀਆਂ 'ਤੇ ਲਾਗੂ ਹੁੰਦੀਆਂ ਹਨ। ਸਕਾਲਰਸ਼ਿਪਾਂ ਦਾ ਲਾਭ ਲੈਣ ਲਈ ਵਿਦਿਆਰਥੀਆਂ ਨੂੰ ਆਪਣੇ ਆਧਾਰ ਕਾਰਡ ਬਣਵਾ ਲੈਣੇ ਚਾਹੀਦੇ ਹਨ।

ੳ) ਆਮ ਵਜ਼ੀਫੇ

17.1 ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਨਾਲ ਸੰਬੰਧਿਤ ਵਿਦਿਆਰਥੀਆਂ ਲਈ।

17.2 ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ।

17.3 ਘੱਟ ਗਿਣਤੀ ਮੰਤਰਾਲਾ, ਭਾਰਤ ਸਰਕਾਰ ਵਲੋਂ ਘੱਟ ਗਿਣਤੀ ਵਿਦਿਆਰਥੀਆਂ (ਸਿੱਖ, ਮੁਸਲਮਾਨ, ਇਸਾਈ, ਪਾਰਸੀ, ਬੋਧੀ) ਲਈ ਹਰ ਸਾਲ ਵਜ਼ੀਫੇ ਪ੍ਰਦਾਨ ਕੀਤੇ ਜਾਂਦੇ ਹਨ।

17.4 ਪੜ੍ਹਾਈ ਵਿਚ ਹੁਸ਼ਿਆਰ ਵਿਦਿਆਰਥੀਆਂ ਲਈ।

17.5 ਨੈਸ਼ਨਲ ਲੋਨ ਸਕਾਲਰਸ਼ਿਪ।

17.6 ਸਾਬਕਾ ਫੌਜੀਆਂ ਦੇ ਬੱਚਿਆਂ ਲਈ।

17.7 ਪੰਜਾਬ ਸਰਕਾਰ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਰਿਵਾਰ ਨੂੰ ਜਾਰੀ ਸ਼ਨਾਖ਼ਤੀ ਕਾਰਡ ਦੇ ਅਧਾਰ 'ਤੇ ਵਜ਼ੀਫਾ ਦੇਣ ਦਾ ਪ੍ਰਬੰਧ ਹੈ।

17.8 Single Girl Child Scholarship.

ਜਰੂਰੀ ਸੂਚਨਾ : ਵਿਦਿਆਰਥੀ ਸਰਕਾਰ ਵੱਲੋਂ ਮਿਲਣ ਵਾਲੀ ਸਕਾਲਰਸ਼ਿਪ ਕੇਵਲ ਇੱਕ ਹੀ ਸਕੀਮ ਅਧੀਨ ਅਪਲਾਈ ਕਰ ਸਕਦਾ ਹੈ। ਇੱਕ ਤੋਂ ਵਧੇਰੇ ਸਰਕਾਰੀ ਸਕਾਲਰਸ਼ਿਪ ਲਈ ਅਰਜ਼ੀ ਭਰਨ ਵਾਲੇ ਵਿਦਿਆਰਥੀ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

17.9 ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਲਈ ਸਹਾਇਤਾ ਫੰਡ:
ਟੀਚਿੰਗ ਸਟਾਫ ਵਲੋਂ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਦੀ ਸਹਾਇਤਾ ਕੀਤੀ ਜਾਂਦੀ ਹੈ।

ਅ) ਖਾਸ ਸੰਸਥਾਵਾਂ/ਵਿਅਕਤੀਆਂ ਵੱਲੋਂ ਦਿੱਤੇ ਜਾਂਣ ਵਾਲੇ ਵਜ਼ੀਫੇ

1. ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀ ਸਹਾਇਤਾ ਯੋਜਨਾ :
ਇਸ ਮੰਤਵ ਲਈ 40 ਲੱਖ ਰੁਪਏ ਦੀ ਵਿੱਤੀ ਸਹਾਇਤਾ ਲੇਡੀ ਸ਼ਵਿੰਦਰ ਕੌਰ ਸਪੁੱਤਰੀ ਮਰਹੂਮ ਸਰਦਾਰ ਰੁਪਿੰਦਰ ਪਾਲ ਸਿੰਘ ਜੀ ਨੇ ਪ੍ਰਦਾਨ ਕੀਤੀ ਹੈ।

2. **ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਨੀ ਓਬਰਾਏ ਸਕਾਲਰਸ਼ਿਪ: ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 50 ਹੋਣਹਾਰ ਅਤੇ ਗਰੀਬ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਸਰਦਾਰ ਐਸ.ਪੀ.ਐਸ. ਓਬਰਾਏ ਜੀ ਵੱਲੋਂ ਅਜਿਹੇ ਵਿਦਿਆਰਥੀਆਂ ਦੀ ਵੀ ਸਹਾਇਤਾ ਕੀਤੀ ਜਾਂਦੀ ਹੈ ਜਿਨ੍ਹਾਂ ਦੇ ਪਿਤਾ ਜੀ ਜਾਂ ਮਾਤਾ ਜੀ ਸਵਰਗਵਾਸ ਹੋ ਚੁੱਕੇ ਹਨ।**

3. **ਪੰਥ ਰਤਨ ਜੱਥੇਦਾਰ ਗੁਰਚਰਨ ਸਿੰਘ ਟੌਹੜਾ ਯਾਦਗਾਰੀ ਵਜ਼ੀਫੇ:** ਕਾਲਜ ਪ੍ਰਬੰਧਕ ਕਮੇਟੀ ਵੱਲੋਂ **10 ਸਿੱਖ (ਸਾਬਤ ਸੂਰਤ ਅਤੇ ਗੁਰਮਤਿ ਰਹਿਤ ਮਰਿਆਦਾ ਵਿਚ ਰਹਿਣ ਵਾਲੇ)** ਲੋੜਵੰਦ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀਆਂ ਨੂੰ **2100 ਰੁਪਏ ਪ੍ਰਤੀ ਵਿਦਿਆਰਥੀ** ਸਲਾਨਾ ਵਜ਼ੀਫੇ ਦਿੱਤੇ ਜਾਂਦੇ ਹਨ।

4. **ਮਾਤਾ ਜਗਰੀ ਕੌਰ ਧਾਰਨੀ ਯਾਦਗਾਰੀ ਵਜ਼ੀਫਾ (15000 ਰੁਪਏ):** ਇਹ ਵਜ਼ੀਫਾ ਧਾਰਨੀ ਪਰਿਵਾਰ ਵੱਲੋਂ ਬੀ.ਏ. ਭਾਗ ਪਹਿਲਾ, ਦੂਜਾ ਅਤੇ ਤੀਜਾ ਵਿੱਚੋਂ ਫਸਟ ਆਉਣ ਵਾਲੀਆਂ ਵਿਦਿਆਰਥਣਾਂ ਨੂੰ 5000 ਰੁਪਏ ਪ੍ਰਤੀ ਵਿਦਿਆਰਥਣ ਦਿੱਤਾ ਜਾਵੇਗਾ।

5. **ਸ੍ਰ. ਜਸਕਰਨ ਸਿੰਘ ਬਰਾੜ ਯਾਦਗਾਰੀ ਵਜ਼ੀਫਾ (3500 ਰੁਪਏ):** ਇਹ ਵਜ਼ੀਫਾ ਪ੍ਰੋ. ਲਵਨੀਤ ਕੌਰ ਵੱਲੋਂ ਆਪਣੇ ਪੂਜਨੀਕ ਪਿਤਾ ਜੀ ਦੀ ਯਾਦ ਵਿੱਚ ਬੀ.ਐਸਸੀ. ਮੈਡੀਕਲ ਦੇ ਪ੍ਰਥਮ ਆਉਣ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

6. **ਸ੍ਰ. ਦੀਦਾਰ ਸਿੰਘ ਯਾਦਗਾਰੀ ਵਜ਼ੀਫਾ (3100 ਰੁਪਏ):** ਇਹ ਵਜ਼ੀਫਾ ਡਾ. ਗੁਰਮੋਹਨ ਸਿੰਘ, ਆਪਣੇ ਪੂਜਨੀਕ ਮਾਤਾ ਜੀ ਦੀ ਯਾਦ ਵਿਚ ਕਾਲਜ ਦੀਆਂ ਵੱਖ-ਵੱਖ ਸਰਗਰਮੀਆਂ/ ਗਤੀਵਿਧੀਆਂ/ ਖੇਡਾਂ/ ਸਮਾਜ ਭਲਾਈ ਦੇ ਕੰਮ ਅਤੇ ਪੜ੍ਹਾਈ ਵਿਚ ਸ਼ਲਾਘਾਯੋਗ ਪ੍ਰਾਪਤੀ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

7. **ਮਾਤਾ ਨਰੰਜਣ ਕੌਰ ਯਾਦਗਾਰੀ ਵਜ਼ੀਫਾ (3100 ਰੁਪਏ):** ਇਹ ਵਜ਼ੀਫਾ ਸ੍ਰ. ਪਰਮਜੀਤ ਸਿੰਘ ਅਤੇ ਸ੍ਰ. ਹਰਿੰਦਰਪਾਲ ਸਿੰਘ ਪਟਿਆਲਾ ਨਿਵਾਸੀ ਵੱਲੋਂ ਆਪਣੇ ਪੂਜਨੀਕ ਮਾਤਾ ਜੀ ਦੀ ਯਾਦ ਵਿੱਚ ਕਾਲਜ ਵਿੱਚੋਂ ਬੀ.ਏ.ਭਾਗ ਦੂਜਾ ਪਾਸ ਕਰਕੇ ਬੀ.ਏ. ਭਾਗ ਤੀਜਾ ਵਿੱਚ ਦਾਖ਼ਲ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥਣ ਨੂੰ ਦਿੱਤਾ ਜਾਵੇਗਾ।

8. **ਮਾਤਾ ਬਚਨ ਕੌਰ ਟਿਵਾਣਾ ਯਾਦਗਾਰੀ ਵਜ਼ੀਫਾ (2500 ਰੁਪਏ) :** ਇਹ ਵਜ਼ੀਫਾ ਡਾ. ਦਲਜੀਤ ਕੌਰ ਟਿਵਾਣਾ ਵਲੋਂ ਆਪਣੀ ਪੂਜਨੀਕ ਸੱਸ ਸਾਹਿਬਾ ਮਾਤਾ ਬਚਨ ਕੌਰ ਜੀ ਦੀ ਯਾਦ ਵਿਚ ਬੀ.ਏ. ਦੇ ਹਿੰਦੀ ਵਿਸ਼ੇ ਦੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

9. **ਸ੍ਰ. ਹਰੀ ਸਿੰਘ ਟਿਵਾਣਾ ਯਾਦਗਾਰੀ ਵਜ਼ੀਫਾ (2500 ਰੁਪਏ):** ਇਹ ਵਜ਼ੀਫਾ ਪ੍ਰੋ. ਹਰਬੰਸ ਸਿੰਘ ਟਿਵਾਣਾ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਬੀ.ਏ. ਭਾਗ ਤੀਜਾ ਦੇ ਇਕਨੌਮਿਕਸ ਦੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

10. **ਸ੍ਰ. ਸੁਰਿੰਦਰ ਸਿੰਘ ਯਾਦਗਾਰੀ ਵਜ਼ੀਫਾ (2100 ਰੁਪਏ) :** ਇਹ ਵਜ਼ੀਫਾ ਡਾ. ਸੁਖਜੀਤ ਕੌਰ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਐਮ.ਏ. (ਪੰਜਾਬੀ) ਭਾਗ-ਪਹਿਲਾ ਦੇ ਹੋਣਹਾਰ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

11. **ਸ੍ਰ. ਜੋਗਿੰਦਰ ਸਿੰਘ ਯਾਦਗਾਰੀ ਵਜ਼ੀਫਾ (2100 ਰੁਪਏ) :** ਇਹ ਵਜ਼ੀਫਾ ਪ੍ਰੋ. ਨਵਜੀਤ ਕੌਰ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਹੋਣਹਾਰ ਅਤੇ ਲੋੜਵੰਦ ਵਿਦਿਆਰਥਣ ਨੂੰ ਪ੍ਰਦਾਨ ਕੀਤਾ ਜਾਵੇਗਾ।

12. **ਸਰਦਾਰਨੀ ਇੰਦਰਜੀਤ ਕੌਰ ਯਾਦਗਾਰੀ ਵਜ਼ੀਫਾ (2100 ਰੁਪਏ):** ਇਹ ਵਜ਼ੀਫਾ ਪ੍ਰੋ. ਨਵਜੀਤ ਕੌਰ ਵੱਲੋਂ ਆਪਣੇ ਮਾਤਾ ਜੀ ਦੀ ਯਾਦ ਵਿੱਚ ਹੋਣਹਾਰ ਅਤੇ ਲੋੜਵੰਦ ਵਿਦਿਆਰਥਣ ਨੂੰ ਪ੍ਰਦਾਨ ਕੀਤਾ ਜਾਵੇਗਾ।

13. **ਮਨਸੇਜਲ ਸਿੰਗਲ ਗਰਲ ਸਕਾਲਰਸ਼ਿਪ (2100 ਰੁਪਏ)** ਇਹ ਸਕਾਲਰਸ਼ਿਪ ਕਾਲਜ ਦੇ ਪ੍ਰੋ. ਹਰਜੀਤ ਕੌਰ, ਕਮਰਸ ਵਿਭਾਗ ਵੱਲੋਂ ਦਿੱਤੀ ਜਾਵੇਗੀ। ਇਹ ਵਜ਼ੀਫਾ ਕਾਲਜ ਦੀ ਪੜ੍ਹਾਈ ਵਿੱਚ ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥਣ ਨੂੰ ਦਿੱਤਾ ਜਾਵੇਗਾ।

14. **ਸ੍ਰ. ਬਖਸ਼ੀਸ਼ ਸਿੰਘ ਸੰਧੂ ਯਾਦਗਾਰੀ ਵਜ਼ੀਫਾ (2100 ਰੁਪਏ) :** ਇਹ ਵਜ਼ੀਫਾ ਪ੍ਰੋ. ਬਿਕਰਮਜੀਤ ਸਿੰਘ ਸੰਧੂ ਵੱਲੋਂ ਆਪਣੇ ਪੂਜਨੀਕ ਦਾਦਾ ਜੀ ਦੀ ਯਾਦ ਵਿੱਚ ਕਮਰਸ ਦੇ ਲੋੜਵੰਦ ਅਤੇ ਹੋਣਹਾਰ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਵੇਗਾ।

15. **ਸ੍ਰ. ਤਾਰਾ ਸਿੰਘ ਯਾਦਗਾਰੀ ਵਜ਼ੀਫਾ (2000 ਰੁਪਏ):** ਇਹ ਵਜ਼ੀਫਾ ਪ੍ਰੋ. ਹਰਸ਼ਵਿੰਦਰ ਸਿੰਘ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿਚ ਐਮ.ਏ. ਅੰਗਰੇਜ਼ੀ ਦੇ ਕਿਸੇ ਵੀ ਲੋੜਵੰਦ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

16. **ਮਾਤਾ ਸੁਰਜੀਤ ਕੌਰ ਯਾਦਗਾਰੀ ਵਜ਼ੀਫਾ (2000 ਰੁਪਏ):** ਇਹ ਵਜ਼ੀਫਾ ਪ੍ਰੋ. ਹਰਸ਼ਵਿੰਦਰ ਸਿੰਘ ਵੱਲੋਂ ਆਪਣੀ ਪੂਜਨੀਕ ਮਾਤਾ ਜੀ ਦੀ ਯਾਦ ਵਿਚ ਇੰਗਲਿਸ਼ ਲਿਟਰੇਚਰ ਦੇ ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

17. **ਸ੍ਰ. ਤੇਜਾ ਸਿੰਘ (ਸੁਤੰਤਰਤਾ ਸੈਨਾਨੀ) ਯਾਦਗਾਰੀ ਵਜ਼ੀਫਾ (2000 ਰੁਪਏ):** ਇਹ ਵਜ਼ੀਫਾ ਪ੍ਰੋ. ਹਰਸ਼ਵਿੰਦਰ ਸਿੰਘ ਵੱਲੋਂ ਫੰਕਸ਼ਨਲ ਇੰਗਲਿਸ਼ ਦੇ ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

18. **ਪ੍ਰੋ. ਅਮਰਦੀਪ ਕੌਰ ਯਾਦਗਾਰੀ ਵਜ਼ੀਫਾ (2100 ਰੁਪਏ):** ਇਹ ਵਜ਼ੀਫਾ ਕਾਲਜ ਦੀ ਲੋੜਵੰਦ ਅਤੇ ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥਣ ਨੂੰ ਦਿੱਤਾ ਜਾਵੇਗਾ। ਇਹ ਵਜ਼ੀਫਾ ਪ੍ਰੋ. ਨਵਜੀਤ ਕੌਰ ਅਤੇ ਪ੍ਰੋ. ਰਮਨਜੀਤ ਕੌਰ ਵੱਲੋਂ ਪ੍ਰਦਾਨ ਕੀਤਾ ਜਾਂਦਾ ਹੈ।

19. **ਸ੍ਰ. ਨਰੈਣ ਸਿੰਘ ਲੋਗਾਨੀ ਮੈਮੋਰੀਅਲ ਧਾਰਮਿਕ ਵਜ਼ੀਫਾ (1100 ਰੁਪਏ):** ਇਹ ਵਜ਼ੀਫਾ ਸਾਬਕਾ ਅਧਿਆਪਕ ਪ੍ਰੋ. ਪ੍ਰੀਤਮ ਸਿੰਘ ਲੋਗਾਨੀ ਵੱਲੋਂ ਧਾਰਮਿਕ ਰੁਚੀ ਵਾਲੇ ਸੁਚੱਜੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

20. **ਮਾਤਾ ਪ੍ਰੇਮ ਕੌਰ ਲੋਗਾਨੀ ਯਾਦਗਾਰੀ ਵਜ਼ੀਫਾ (1100 ਰੁਪਏ):** ਇਹ ਵਜ਼ੀਫਾ ਪ੍ਰੋ. ਪ੍ਰੀਤਮ ਸਿੰਘ ਲੋਗਾਨੀ (ਸਾਬਕਾ ਅਧਿਆਪਕ) ਵੱਲੋਂ ਧਾਰਮਿਕ ਰੁਚੀਆਂ ਵਾਲੀ ਵਿਦਿਆਰਥਣ ਨੂੰ ਦਿੱਤਾ ਜਾਵੇਗਾ।

21. **ਭਾਈ ਸਾਹਿਬ ਭਾਈ ਹਰਨਾਮ ਸਿੰਘ ਯਾਦਗਾਰੀ ਵਜ਼ੀਫਾ (1100 ਰੁਪਏ):** ਇਹ ਵਜ਼ੀਫਾ ਪ੍ਰੋ. ਗੁਰਦਰਸ਼ਨ ਸਿੰਘ ਵੱਲੋਂ ਆਪਣੇ ਪੂਜਨੀਕ ਪਿਤਾ ਜੀ ਦੀ ਯਾਦ ਵਿੱਚ ਬੀ.ਏ./ਬੀ.ਐਸਸੀ. ਭਾਗ-ਪਹਿਲਾ ਦੇ ਗਣਿਤ ਵਿਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

22. **ਮਾਤਾ ਪੂਰਨ ਕੌਰ ਯਾਦਗਾਰੀ ਵਜ਼ੀਫਾ (1100 ਰੁਪਏ):** ਇਹ ਵਜ਼ੀਫਾ ਪ੍ਰੋ. ਗੁਰਦਰਸ਼ਨ ਸਿੰਘ ਵੱਲੋਂ ਆਪਣੇ ਪੂਜਨੀਕ ਮਾਤਾ ਜੀ ਦੀ ਯਾਦ ਵਿੱਚ ਬੀ.ਏ./ਬੀ.ਐਸਸੀ. ਭਾਗ-ਪਹਿਲਾ ਦੇ ਗਣਿਤ ਵਿਚੋਂ ਪਹਿਲਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

23. **ਬਾਬਾ ਹੰਸਾ ਸਿੰਘ ਯਾਦਗਾਰੀ ਵਜ਼ੀਫਾ (2100 ਰੁਪਏ):** ਇਹ ਵਜ਼ੀਫਾ ਡਾ. ਧਰਮਿੰਦਰ ਸਿੰਘ ਵੱਲੋਂ ਆਪਣੇ ਪੂਜਨੀਕ ਦਾਦਾ ਜੀ ਦੀ ਯਾਦ ਵਿੱਚ ਸਮਾਜ ਸੇਵਾ ਵਿਚ ਯੋਗਦਾਨ ਪਾਉਣ ਵਾਲੇ ਅਤੇ ਪੜ੍ਹਾਈ ਵਿਚ ਹੁਸ਼ਿਆਰ ਕਮਰਸ ਵਿਭਾਗ ਦੇ ਬੀ.ਕਾਮ ਭਾਗ-ਤੀਜਾ ਦੇ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

24. **ਮਾਤਾ ਪ੍ਰਸੰਨ ਕੌਰ ਯਾਦਗਾਰੀ ਵਜ਼ੀਫਾ (1100 ਰੁਪਏ):** ਇਹ ਵਜ਼ੀਫਾ ਡਾ. ਧਰਮਿੰਦਰ ਸਿੰਘ ਵੱਲੋਂ ਆਪਣੇ ਪੂਜਨੀਕ ਦਾਦੀ ਜੀ ਦੀ ਯਾਦ ਵਿਚ ਵਧੀਆ ਕਦਰਾਂ-ਕੀਮਤਾਂ ਦੀ ਧਾਰਨੀ ਲੋੜਵੰਦ ਅਤੇ ਪੜ੍ਹਾਈ ਵਿਚ ਹੁਸ਼ਿਆਰ ਕਮਰਸ ਵਿਭਾਗ ਦੀ ਐਮ.ਕਾਮ ਭਾਗ-ਦੂਜਾ ਦੀ ਵਿਦਿਆਰਥਣ ਨੂੰ ਦਿੱਤਾ ਜਾਂਦਾ ਹੈ।

25. **ਸ੍ਰ. ਦਲੀਪ ਸਿੰਘ ਯਾਦਗਾਰੀ ਵਜ਼ੀਫਾ (1100 ਰੁਪਏ):** ਇਹ ਵਜ਼ੀਫਾ ਡਾ. ਰਜਿੰਦਰ ਕੌਰ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿੱਚ ਐਮ.ਏ. ਪੰਜਾਬੀ ਭਾਗ ਪਹਿਲਾ ਵਿੱਚ ਹੁਸ਼ਿਆਰ ਅਤੇ ਲੋੜਵੰਦ ਵਿਦਿਆਰਥੀ/ਵਿਦਿਆਰਥਣ ਨੂੰ ਦਿੱਤਾ ਜਾਵੇਗਾ।

26. **ਸ੍ਰ. ਜਗਜੀਤ ਸਿੰਘ ਟਿਵਾਣਾ ਯਾਦਗਾਰੀ ਵਜ਼ੀਫ਼ਾ (1100 ਰੁ:)** ਇਹ ਵਜੀਫ਼ਾ ਜੌਗਰਫੀ ਵਿਭਾਗ ਦੇ ਹੋਣਹਾਰ ਅਤੇ ਪੰਜਾਬ ਦੇ ਵਾਤਾਵਰਣ ਦੀ ਸੰਭਾਲ ਲਈ ਯਤਨਸ਼ੀਲ ਵਿਦਿਆਰਥੀ ਨੂੰ ਦਿੱਤਾ ਜਾਵੇਗਾ। ਇਹ ਵਜ਼ੀਫਾ ਪ੍ਰੋ. ਅਨੁਪ੍ਰੀਤ ਸਿੰਘ ਟਿਵਾਣਾ ਵੱਲੋਂ ਆਪਣੇ ਪੂਜਨੀਕ ਦਾਦਾ ਜੀ ਦੀ ਯਾਦ ਵਿੱਚ ਦਿੱਤਾ ਜਾਵੇਗਾ।

27. **ਸ੍ਰ. ਸ਼ਿੰਗਾਰਾ ਸਿੰਘ ਯਾਦਗਾਰੀ ਵਜ਼ੀਫ਼ਾ (2100 ਰੁਪਏ) :** ਇਹ ਵਜ਼ੀਫਾ ਡਾ. ਕਸ਼ਮੀਰ ਸਿੰਘ ਵੱਲੋਂ ਬੀ.ਬੀ.ਏ. ਦੇ ਹੋਣਹਾਰ ਵਿਦਿਆਰਥੀ (ਲੜਕੇ) ਨੂੰ ਦਿੱਤਾ ਜਾਵੇਗਾ।

28. **ਮਾਤਾ ਹਰਬੰਸ ਕੌਰ ਯਾਦਗਾਰੀ ਵਜ਼ੀਫ਼ਾ (2100 ਰੁਪਏ) :** ਇਹ ਵਜ਼ੀਫਾ ਡਾ. ਕਸ਼ਮੀਰ ਸਿੰਘ ਜੀ ਵੱਲੋਂ ਆਪਣੀ ਮਾਤਾ ਜੀ ਦੀ ਯਾਦ ਵਿਚ ਬੀ.ਬੀ.ਏ. ਦੀ ਹੋਣਹਾਰ ਵਿਦਿਆਰਥਣ ਨੂੰ ਦਿੱਤਾ ਜਾਵੇਗਾ।

29. **ਹੌਸਲਾ ਵਧਾਊ ਸਕਾਲਰਸ਼ਿਪ (1100 ਰੁਪਏ) :** ਇਹ ਵਜ਼ੀਫਾ ਸ੍ਰ. ਰਮਨਦੀਪ ਸਿੰਘ ਵੱਲੋਂ ਬੀ.ਐਸਸੀ. (ਮੈਡੀਕਲ) ਦੇ ਹੋਣਹਾਰ ਤੇ ਲੋੜਵੰਦ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

30. **ਸ੍ਰ. ਅਮਰ ਸਿੰਘ ਟਿਵਾਣਾ ਯਾਦਗਾਰੀ ਵਜ਼ੀਫਾ (1100 ਰੁਪਏ) :** ਇਹ ਵਜ਼ੀਫਾ ਸ੍ਰ. ਸੁਖਵਿੰਦਰ ਸਿੰਘ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿਚ ਬੀ.ਏ. ਦੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀ ਨੂੰ ਪ੍ਰਦਾਨ ਦੀਤਾ ਜਾਵੇਗਾ।

31. **ਸ੍ਰ. ਦਲਬਾਰਾ ਸਿੰਘ ਪੰਜੋਲੀ ਯਾਦਗਾਰੀ ਵਜ਼ੀਫਾ (1100 ਰੁਪਏ):** ਇਹ ਵਜ਼ੀਫਾ ਸ੍ਰ. ਨਰਦੀਪ ਸਿੰਘ ਵੱਲੋਂ ਆਪਣੇ ਪਿਤਾ ਜੀ ਦੀ ਯਾਦ ਵਿਚ ਬੀ.ਐਸਸੀ. ਦੇ ਹੋਣਹਾਰ ਅਤੇ ਲੋੜਵੰਦ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

ਨੋਟ: ਉਪਰੋਕਤ ਵਜ਼ੀਫੇ ਕਾਲਜ ਦੀ ਵਜ਼ੀਫਾ ਕਮੇਟੀ ਦੀ ਸਿਫਾਰਸ਼ ਦੇ ਆਧਾਰ 'ਤੇ ਦਿੱਤੇ ਜਾਣਗੇ।

18. ਖੇਡਾਂ

ਕਾਲਜ ਵਿਚ ਖੇਡਾਂ ਦਾ ਉੱਚਿਤ ਪ੍ਰਬੰਧ ਹੈ। ਚੰਗੇ ਖਿਡਾਰੀਆਂ ਨੂੰ ਹਰ ਤਰ੍ਹਾਂ ਦਾ ਉਤਸ਼ਾਹ ਦਿੱਤਾ ਜਾਂਦਾ ਹੈ। ਕਾਲਜ ਵਿਚ ਇਕ ਸਪੋਰਟਸ ਕਮੇਟੀ ਬਣਾਈ ਜਾਂਦੀ ਹੈ, ਜਿਹੜੀ ਖੇਡਾਂ ਦੇ ਬੰਦੋਬਸਤ ਵਿਚ ਮਦਦ ਕਰਦੀ ਹੈ। ਮਾਤਾ ਗੁਜਰੀ ਕਾਲਜ ਦੇ ਖੇਡ ਮੈਦਾਨਾਂ ਵਿੱਚ ਮਿਹਨਤ ਕਰਕੇ ਅਸੰਖ ਵਿਦਿਆਰਥੀਆਂ ਨੇ ਖੇਡਾਂ ਦੇ ਖੇਤਰ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਉੱਪਰ ਨਾਮਣਾ ਖੱਟਿਆ ਹੈ।

18.1 ਰੋਜ਼ਾਨਾ ਪ੍ਰੈਕਟਿਸ ਵਿਚੋਂ ਗ਼ੈਰ-ਹਾਜ਼ਰ ਖਿਡਾਰੀ ਅਤੇ ਮੈਚ ਵਿਚ ਗ਼ੈਰ-ਹਾਜ਼ਰੀਆਂ ਲਈ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।

18.2 ਕਾਲਜ ਦਾ ਕੋਈ ਵਿਦਿਆਰਥੀ ਕਿਸੇ ਟੂਰਨਾਮੈਂਟ ਵਿਚ ਕਾਲਜ ਵਿਰੁੱਧ ਨਹੀਂ ਖੇਡ ਸਕਦਾ।

18.3 ਨਿਰਧਾਰਤ ਨਿਯਮਾਂ ਅਨੁਸਾਰ ਅੰਤਰ-ਰਾਸ਼ਟਰੀ/ ਰਾਸ਼ਟਰੀ/ ਅੰਤਰ-ਵਰਸਿਟੀ/ ਯੂਨੀਵਰਸਿਟੀ ਮੈਚ ਖੇਡਣ ਵਾਲੇ ਵਿਦਿਆਰਥੀਆਂ ਦੀਆਂ ਕਾਲਜ ਵਿਚ ਘੱਟੋ ਘੱਟ 50 ਪ੍ਰਤੀਸ਼ਤ ਹਾਜ਼ਰੀਆਂ ਹੋਣੀਆਂ ਜ਼ਰੂਰੀ ਹਨ।

18.4 ਕਾਲਜ ਦੀਆਂ ਸਲਾਨਾ ਖੇਡਾਂ ਵਿਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਮੁਤਾਬਕ ਇਨਾਮ, ਮੈਡਲ, ਮੈਰਿਟ ਸਰਟੀਫਿਕੇਟ, ਕਾਲਜ ਕਲਰ ਅਤੇ ਰੋਲ ਆਫ਼ ਆਨਰ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ।

18.5 ਅੰਤਰ-ਰਾਸ਼ਟਰੀ/ ਰਾਸ਼ਟਰੀ/ ਅੰਤਰ-ਵਰਸਿਟੀ ਦੇ ਵਿਅਕਤੀਗਤ ਮੁਕਾਬਲਿਆਂ ਵਿਚ ਰਿਕਾਰਡ ਤੋੜਨ ਜਾਂ ਵਿਸ਼ੇਸ਼ ਪ੍ਰਾਪਤੀ ਕਰਨ 'ਤੇ ਕਾਲਜ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

18.6 ਅੰਤਰ-ਰਾਸ਼ਟਰੀ/ ਰਾਸ਼ਟਰੀ/ ਅੰਤਰ-ਵਰਸਿਟੀ ਮੁਕਾਬਲਿਆਂ ਵਿਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਜੇਤੂ ਖਿਡਾਰੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

18.7 ਕਾਲਜ ਦਾ ਵਿਦਿਆਰਥੀ ਕਿਸੇ ਹੋਰ ਕਾਲਜ ਜਾਂ ਸੰਸਥਾ ਵੱਲੋਂ ਖੇਡਾਂ ਜਾਂ ਸਹਿ ਵਿਦਿਅਕ ਗਤੀਵਿਧੀਆਂ ਵਿਚ ਭਾਗ ਨਹੀਂ ਲੈ ਸਕਦਾ। ਕੋਈ ਵੀ ਵਿਦਿਆਰਥੀ ਕਿਸੇ ਬਾਹਰਲੀ ਸੰਸਥਾ ਦੀ ਟੀਮ ਦੀ ਮਦਦ/ ਕੋਚਿੰਗ ਨਹੀਂ ਕਰ ਸਕਦਾ।

19. ਸ਼ਨਾਖ਼ਤੀ ਕਾਰਡ

19.1 ਹਰ ਵਿਦਿਆਰਥੀ ਨੂੰ ਸ਼ਨਾਖ਼ਤੀ ਕਾਰਡ ਕਾਲਜ ਵੱਲੋਂ ਦਿੱਤਾ ਜਾਵੇਗਾ। ਸ਼ਨਾਖ਼ਤੀ ਕਾਰਡ ਹਰੇਕ ਵਿਦਿਆਰਥੀ ਲਈ ਕਾਲਜ ਦੇ ਕੈਂਪਸ ਵਿਚ ਗਲੇ ਵਿੱਚ ਪਾ ਕੇ ਰੱਖਣਾ ਲਾਜ਼ਮੀ ਹੈ। ਕਿਸੇ ਵੀ ਕਾਲਜ ਅਧਿਕਾਰੀ ਦੁਆਰਾ ਮੰਗੇ ਜਾਣ ਉੱਤੇ ਇਹ ਕਾਰਡ ਦਿਖਾਉਣਾ ਜ਼ਰੂਰੀ ਹੈ।

19.2 ਜੇ ਕਿਸੇ ਵਿਦਿਆਰਥੀ ਕੋਲੋਂ ਸ਼ਨਾਖ਼ਤੀ ਕਾਰਡ ਗੁਆਚ ਜਾਂਦਾ ਹੈ ਤਾਂ ਇਸ ਸੰਬੰਧੀ ਕਾਲਜ ਲਾਇਬ੍ਰੇਰੀਅਨ ਨੂੰ ਤੁਰੰਤ ਹੀ ਲਿਖਤੀ ਸੂਚਨਾ ਦਿੱਤੀ ਜਾਵੇ ਅਤੇ ਨਿਯਮਾਂ ਮੁਤਾਬਕ ਨਵਾਂ ਸ਼ਨਾਖ਼ਤੀ ਕਾਰਡ ਪ੍ਰਾਪਤ ਕੀਤਾ ਜਾਵੇ।

20. ਲਾਇਬਰੇਰੀ

ਕਿਸੇ ਵੀ ਵਿੱਦਿਅਕ ਸੰਸਥਾ ਵਿਚ ਲਾਇਬਰੇਰੀ ਦੀ ਬਹੁਤ ਮਹੱਤਤਾ ਹੈ। ਕਾਲਜ ਵਿਚ ਇੱਕ ਵਧੀਆ ਏ.ਸੀ. ਲਾਇਬਰੇਰੀ ਹੈ, ਜਿਸ ਵਿਚ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਲਗਭਗ 67,000 ਪੁਸਤਕਾਂ ਹਨ। ਇਸ ਤੋਂ ਇਲਾਵਾ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ 52 ਜਰਨਲ, 64 ਰਸਾਲੇ ਅਤੇ 23 ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਦੇ ਅਖ਼ਬਾਰ ਮੰਗਵਾਏ ਜਾਂਦੇ ਹਨ। ਲਾਇਬਰੇਰੀ ਵਿੱਚ 5100 ਇਲੈਕਟ੍ਰਾਨਿਕ ਜਰਨਲ ਅਤੇ 5100 ਇਲੈਕਟ੍ਰਾਨਿਕ ਕਿਤਾਬਾਂ (E-Books) ਹਨ ਜਿਨ੍ਹਾਂ ਨੂੰ Free Access ਕਰਨ ਦੀ ਸੁਵਿਧਾ ਹੈ। ਪੜ੍ਹਨ ਲਈ ਰੀਡਿੰਗ ਹਾਲ ਵੀ ਹੈ। ਕਾਲਜ ਵਿਦਿਆਰਥੀ ਲਾਇਬਰੇਰੀ ਵਿਚੋਂ ਪੜ੍ਹਨ ਲਈ ਹੇਠ ਲਿਖੇ ਅਨੁਸਾਰ ਕਿਤਾਬਾਂ ਪ੍ਰਾਪਤ ਕਰ ਸਕਦਾ ਹੈ:

1. ਤਿੰਨ ਸਾਲਾ ਡਿਗਰੀ ਕੋਰਸ ਦੇ ਵਿਦਿਆਰਥੀ — 4 ਕਿਤਾਬਾਂ
2. ਪੋਸਟ ਗਰੈਜੂਏਟ ਅਤੇ ਆਨਰਜ਼ ਦੇ ਵਿਦਿਆਰਥੀ — 5 ਕਿਤਾਬਾਂ
3. ਲਾਇਬਰੇਰੀ ਵੱਲੋਂ ਵਿਦਿਆਰਥੀਆਂ ਨੂੰ ਹੇਠ ਲਿਖੀਆਂ ਸੁਵਿਧਾਵਾਂ/ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ:
   (ੳ) ਫੋਟੋਸਟੈਟ (ਰਿਆਇਤੀ ਦਰਾਂ 'ਤੇ) (ਅ) ਫਰੀ ਇੰਟਰਨੈੱਟ ਦੀ ਸਹੂਲਤ। ਵਿਦਿਆਰਥੀਆਂ ਨੂੰ ਰੀਡਿੰਗ ਹਾਲ ਵਿਚ ਆਪਣੀਆਂ ਕਿਤਾਬਾਂ ਲਿਆ ਕੇ ਪੜ੍ਹਨ ਦੀ ਸੁਵਿਧਾ ਸ਼ਾਮ 6 ਵਜੇ ਤੱਕ ਉਪਲੱਬਧ ਹੈ।
4. ਲਾਇਬਰੇਰੀ ਹਰ ਸ਼ਨੀਵਾਰ ਖੁੱਲ੍ਹੀ ਰਹਿੰਦੀ ਹੈ।

ਨਿਯਮ : 20.1 ਦਾਖ਼ਲੇ ਪਿੱਛੋਂ ਹਰ ਵਿਦਿਆਰਥੀ ਨੂੰ ਪੁਸਤਕਾਂ ਕਢਵਾਉਣ ਦਾ ਕਾਰਡ (Borrower's Card) ਦਿੱਤਾ ਜਾਵੇਗਾ। ਅਕਾਦਮਿਕ ਸ਼ੈਸ਼ਨ ਸਮਾਪਤ ਹੋਣ ਤੋਂ ਬਾਅਦ ਵਿਦਿਆਰਥੀ ਇਹ ਕਾਰਡ ਰੱਦ (Cancel) ਕਰਵਾ ਕੇ ਆਪਣੇ ਕੋਲ ਸਾਂਭ ਕੇ ਰੱਖਣ। ਕਾਰਡ ਵਿਚ ਲਾਇਬਰੇਰੀ ਵਿਚੋਂ ਪੁਸਤਕਾਂ ਪ੍ਰਾਪਤ ਕਰਨ ਦੇ ਨਿਯਮ ਦਿੱਤੇ ਗਏ ਹਨ।

20.2 ਲਾਇਬ੍ਰੇਰੀ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਸੂਚਨਾ ਲਾਇਬਰੇਰੀ ਵਿੱਚ ਦੇਣੀ ਹੋਵੇਗੀ ਅਤੇ ਪੁਸਤਕਾਂ ਕਢਵਾਉਣ ਜਾਂ ਕਾਰਡ ਦੁਬਾਰਾ ਜਾਰੀ ਕਰਵਾਉਣ ਲਈ ਨਿਯਮਾਂ ਅਧੀਨ ਫੀਸ ਜਮ੍ਹਾਂ ਕਰਾਉਣੀ ਹੋਵੇਗੀ। ਗੁੰਮ ਹੋਏ ਸ਼ਨਾਖ਼ਤੀ ਕਾਰਡ ਉੱਤੇ ਕਿਸੇ ਹੋਰ ਵਿਦਿਆਰਥੀ ਦੁਆਰਾ ਕਿਤਾਬ ਪ੍ਰਾਪਤ ਕੀਤੇ ਜਾਣ ਦੀ ਜ਼ਿੰਮੇਵਾਰੀ ਸੰਬੰਧਿਤ ਵਿਦਿਆਰਥੀ ਦੀ ਹੋਵੇਗੀ।

20.3 ਕਾਲਜ ਦਾ ਵਿਦਿਆਰਥੀ ਕੰਮ-ਕਾਜੀ ਦਿਨਾਂ ਦੌਰਾਨ ਕਦੇ ਵੀ ਲਾਇਬਰੇਰੀ ਤੋਂ ਕਿਤਾਬਾਂ ਕਢਵਾ/ ਜਮ੍ਹਾਂ ਕਰਵਾ ਸਕਦਾ ਹੈ।

20.4 ਪੁਸਤਕ ਦੇ ਗੁੰਮ ਹੋਣ ਦੇ ਸੂਰਤ ਵਿੱਚ ਕਿਤਾਬ ਦੇ ਬਦਲੇ ਕਿਤਾਬ ਜਾਂ ਗੁੰਮ ਹੋਈ ਕਿਤਾਬ ਦੀ ਮੌਜੂਦਾ ਕੀਮਤ ਲਈ ਜਾਵੇਗੀ। ਪੁਸਤਕ ਗੁੰਮ ਹੋਣ ਦੀ ਸੂਰਤ ਵਿਚ ਵਾਪਸ ਕਰਨ ਦੀ ਮਿਤੀ ਤੋਂ ਪਹਿਲਾਂ ਲਾਇਬ੍ਰੇਰੀ ਨੂੰ ਤੁਰੰਤ ਸੂਚਿਤ ਕੀਤਾ ਜਾਵੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਇੱਕ ਰੁ: ਪ੍ਰਤੀ ਪੁਸਤਕ ਪ੍ਰਤੀ ਦਿਨ ਜੁਰਮਾਨਾ ਲਿਆ ਜਾਵੇਗਾ।

20.5 ਕਾਲਜ ਲਾਇਬ੍ਰੇਰੀ ਹਰ ਕੰਮ-ਕਾਜ ਵਾਲੇ ਦਿਨ ਸ਼ਾਮੀ 4 ਵਜੇ ਤੋਂ 6 ਵਜੇ ਤੱਕ ਆਮ ਪਬਲਿਕ ਲਈ ਖੁੱਲ੍ਹੀ ਰਹੇਗੀ।

21. ਬੁੱਕ ਬੈਂਕ

ਗਰੀਬ ਅਤੇ ਹੁਸ਼ਿਆਰ ਵਿਦਿਆਰਥੀਆਂ ਅਤੇ ਵਧੀਆ ਖਿਡਾਰੀਆਂ ਲਈ ਕਾਲਜ ਦੀ ਲਾਇਬਰੇਰੀ ਵਿਚ ਇੱਕ ਬੁੱਕ ਬੈਂਕ ਸਥਾਪਿਤ ਕੀਤਾ ਗਿਆ ਹੈ, ਜਿੱਥੇ ਵਿਦਿਆਰਥੀਆਂ ਨੂੰ ਉਹਨਾਂ ਦੇ ਕੋਰਸਾਂ ਦੀਆਂ ਸਾਰੇ ਸਾਲ ਲਈ ਕਿਤਾਬਾਂ ਜਾਰੀ ਕੀਤੀਆਂ ਜਾਂਦੀਆਂ ਹਨ। ਵਿਦਿਆਰਥੀ ਪਾਸ ਕੀਤੀ ਸ਼੍ਰੇਣੀ ਦੀਆਂ ਪੁਸਤਕਾਂ ਇਸ ਸ਼ੁੱਭ ਕਾਰਜ ਲਈ ਬੁੱਕ ਬੈਂਕ ਨੂੰ ਦਾਨ ਕਰ ਸਕਦੇ ਹਨ। ਆਰਥਿਕ ਪੱਖੋਂ ਕਮਜ਼ੋਰ ਵਿਦਿਆਰਥੀ ਬੁੱਕ ਬੈਂਕ ਤੋਂ ਕਿਤਾਬਾਂ ਪ੍ਰਾਪਤ ਕਰਨ ਲਈ ਲਾਇਬ੍ਰੇਰੀਅਨ ਨਾਲ ਸੰਪਰਕ ਕਰ ਸਕਦੇ ਹਨ।

22. ਕੌਮੀ ਸੇਵਾ ਯੋਜਨਾ (ਐਨ.ਐਸ.ਐਸ.)

ਕੌਮੀ ਸੇਵਾ ਯੋਜਨਾ ਦੇਸ਼ ਦੇ ਨੌਜਵਾਨਾਂ ਨੂੰ ਸੇਵਾ ਦੇ ਕੰਮ ਵਿਚ ਲਾਉਣ ਲਈ ਸਰਕਾਰ ਵੱਲੋਂ ਆਰੰਭ ਕੀਤੀ ਗਈ ਹੈ। ਐਨ.ਐਸ.ਐਸ. ਦੁਆਰਾ ਵਿਦਿਆਰਥੀਆਂ ਵਿਚ ਕਾਲਜ ਕੈਂਪਸ ਨੂੰ ਸੰਵਾਰਨ ਤੋਂ ਲੈ ਕੇ ਪੇਂਡੂ ਤੇ ਸ਼ਹਿਰੀ ਸੇਵਾ ਅਤੇ ਸਮਾਜ ਉਸਾਰੀ ਤੱਕ ਦੇ ਕੰਮ ਕੀਤੇ ਜਾਂਦੇ ਹਨ। ਵਿਦਿਆਰਥੀ ਨੌਜਵਾਨਾਂ ਵਿਚ ਅਗਵਾਈ/ ਸਮਾਜ ਸੇਵਾ ਤੇ ਤਿਆਗ ਦੀ ਭਾਵਨਾ ਦਾ ਵਿਕਾਸ ਕਰਨ ਲਈ ਕਾਲਜ ਦੀ ਐਨ.ਐਸ.ਐਸ. ਯੂਨਿਟ ਆਲੇ-ਦੁਆਲੇ ਦੇ ਇਲਾਕਿਆਂ ਵਿਚ ਸਮਾਜ ਸੇਵਾ ਦੇ ਸੰਬੰਧ ਵਿਚ ਹਮੇਸ਼ਾਂ ਆਪਣਾ ਫਰਜ਼ ਨਿਭਾਉਂਦੀ ਹੈ। ਲੜਕੇ ਅਤੇ ਲੜਕੀਆਂ ਲਈ ਐਨ.ਐਸ.ਐਸ. ਦੇ 4 ਵੱਖ-ਵੱਖ ਯੂਨਿਟ ਹਨ। NSS ਲੈਣ ਲਈ ਵੱਖਰਾ ਫਾਰਮ ਭਰਨਾ ਹੋਵੇਗਾ।

23. ਐਨ.ਸੀ.ਸੀ. (ਲੜਕੇ ਅਤੇ ਲੜਕੀਆਂ)

ਚੰਗਾ ਚਰਿੱਤਰ, ਨਿਰਸਵਾਰਥ ਸੇਵਾ, ਆਗੂ ਬਣਨ ਦੀ ਯੋਗਤਾ ਅਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨ ਲਈ ਕਾਲਜ ਵਿਚ ਐਨ.ਸੀ.ਸੀ. (ਆਰਮੀ ਵਿੰਗ) ਦਾ ਵਿਸ਼ੇਸ਼ ਪ੍ਰਬੰਧ ਹੈ। ਲੜਕੇ ਅਤੇ ਲੜਕੀਆਂ ਨੂੰ B ਅਤੇ C ਸਰਟੀਫਿਕੇਟ ਦੀ ਪਰੀਖਿਆ ਲਈ ਪੂਰੀ ਟਰੇਨਿੰਗ ਦਿੱਤੀ ਜਾਂਦੀ ਹੈ। ਕਾਲਜ ਵਿਚ ਐਨ.ਸੀ.ਸੀ. ਆਰਮੀ ਵਿੰਗ ਵਿਚ ਲੜਕਿਆਂ ਲਈ 67 ਸੀਟਾਂ ਅਤੇ ਲੜਕੀਆਂ ਲਈ 33 ਸੀਟਾਂ ਹਨ। NCC ਲੈਣ ਲਈ ਵੱਖਰਾ ਫਾਰਮ ਭਰਨਾ ਹੋਵੇਗਾ।

24. ਕਾਲਜ ਯੂਥ ਕਲੱਬ

ਵਿਦਿਆਰਥੀਆਂ ਦੇ ਵਿਅਕਤਿਤਵ ਦੇ ਸਰਵਪੱਖੀ ਵਿਕਾਸ ਲਈ, ਉਨ੍ਹਾਂ ਨੂੰ ਸੇਧ ਦੇਣ ਅਤੇ ਸੱਭਿਆਚਾਰਕ, ਕਲਾਤਮਿਕ ਤੇ ਹੋਰ ਸਾਹਸੀ ਰੁਚੀਆਂ ਨੂੰ ਜਾਗ੍ਰਿਤ ਕਰਨ ਅਤੇ ਸੰਬੰਧਿਤ ਗਤੀਵਿਧੀਆਂ ਨੂੰ ਪ੍ਰਫੁੱਲਤ ਕਰਨ ਵਾਸਤੇ ਕਾਲਜ ਵਿਚ ਪੰਜਾਬ ਯੁਵਕ ਸੇਵਾਵਾਂ ਵਿਭਾਗ ਵੱਲੋਂ ਪ੍ਰਵਾਨਿਤ ਇੱਕ ਯੂਥ ਕਲੱਬ ਸਥਾਪਿਤ ਹੈ।

25. ਯੂਥ ਰੈੱਡ ਕਰਾਸ ਯੂਨਿਟ

ਵਿਦਿਆਰਥੀਆਂ ਵਿੱਚ ਸਮਾਜ ਸੇਵਾ, ਸਿਹਤ ਸੰਭਾਲ, ਖੂਨਦਾਨ, ਨਸ਼ਿਆਂ ਵਿਰੁੱਧ ਮੁਹਿੰਮ ਅਤੇ ਵਾਤਾਵਰਣ ਸੰਭਾਲ ਆਦਿ ਪ੍ਰਤੀ ਜਾਗ੍ਰਿਤੀ ਲਈ ਪੰਜਾਬ ਰੈੱਡ ਕਰਾਸ ਸੁਸਾਇਟੀ, ਚੰਡੀਗੜ੍ਹ ਵਲੋਂ ਯੂਥ ਰੈੱਡ ਕਰਾਸ ਯੂਨਿਟ ਸਥਾਪਿਤ ਕੀਤਾ ਗਿਆ ਹੈ। ਕਾਲਜ ਦੇ ਯੂਥ ਰੈੱਡ ਕਰਾਸ ਯੂਨਿਟ ਵਲੰਟੀਅਰਾਂ ਵੱਲੋਂ ਰੈੱਡ ਕਰਾਸ ਸਿਖਲਾਈ ਕੈਂਪ ਅਤੇ ਰਾਜ ਪੱਧਰੀ ਸਹਿ-ਵਿਦਿਅਕ ਮੁਕਾਬਲਿਆਂ ਵਿਚ ਸ਼ਮੂਲੀਅਤ ਕੀਤੀ ਜਾਂਦੀ ਹੈ। ਰੈੱਡ ਕਰਾਸ ਯੂਨਿਟ ਦੇ ਵਾਲੰਟੀਅਰਾਂ ਨੂੰ ਫਸਟ ਏਡ ਦੀ ਸਿਖਲਾਈ ਪ੍ਰਦਾਨ ਕੀਤੀ ਜਾਂਦੀ ਹੈ।

26. ਭਾਰਤ ਸਕਾਊਟਸ ਅਤੇ ਗਾਈਡਜ਼

ਰਾਸ਼ਟਰੀ ਪੱਧਰ ਦੀ ਸਕਾਊਟਿੰਗ ਅਤੇ ਗਾਈਡਿੰਗ ਐਸੋਸੀਏਸ਼ਨ ਦੀਆਂ ਗਤੀ ਵਿਧੀਆਂ ਵਿਚ ਵੀ ਵਿਦਿਆਰਥੀ ਭਾਗ ਲੈ ਸਕਦੇ ਹਨ।

27. ਵੂਮੈਨ ਸੈੱਲ

ਕਾਲਜ ਦੀਆਂ ਵਿਦਿਆਰਥਣਾਂ ਦੀਆਂ ਸਹੂਲਤਾਂ ਲਈ ਕਾਲਜ ਵੱਲੋਂ ਵੂਮੈਨ ਸੈੱਲ ਦੀ ਸਥਾਪਤੀ ਕੀਤੀ ਗਈ ਹੈ, ਜੇਕਰ ਕਿਸੇ ਵਿਦਿਆਰਥਣ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਆਉਂਦੀ ਹੈ ਤਾਂ ਉਹ ਇਸ ਵੂਮੈਨ ਸੈੱਲ ਨੂੰ ਪਹੁੰਚ ਕਰ ਸਕਦੀ ਹੈ। ਵਿਦਿਆਰਥਣਾਂ ਕਿਸੇ ਵੀ ਪ੍ਰਕਾਰ ਦੀ ਸਮੱਸਿਆ ਆਉਣ 'ਤੇ ਤੁਰੰਤ ਪ੍ਰੋ. ਨਮਿਤਾ ਬੇਰੀ (ਮੋਬ: 9815670540) ਨਾਲ ਸਪੰਰਕ ਕਰ ਸਕਦੀਆਂ ਹਨ।

28. ਕਾਲਜ ਫੀਸਾਂ ਅਤੇ ਹੋਰ ਖ਼ਰਚੇ

(1) ਸਲਾਨਾ ਫੀਸਾਂ ਅਤੇ ਫੰਡਜ਼

1. ਕਮਰਸ ਫੰਡ	
(ਸਿਰਫ ਕਮਰਸ ਦੇ ਵਿਦਿਆਰਥੀਆਂ ਲਈ)	1200-00 ਰੁਪਏ
2. ਵਿਕਾਸ ਫੰਡ	1500-00 ਰੁਪਏ
3. ਸਾਇੰਸ ਫੀਸ	2400-00 ਰੁਪਏ
(ਮੈਡੀਕਲ ਅਤੇ ਨਾਨ-ਮੈਡੀਕਲ ਵਿਦਿਆਰਥੀਆਂ ਲਈ)	
4. ਟੂੱਟ ਭੱਜ ਫੰਡ	600-00 ਰੁਪਏ
5. ਗਰਾਂਊਡਜ਼ ਮੈਨਟੀਨੈਂਸ ਫੰਡ	300-00 ਰੁਪਏ
6. ਸਟਾਫ ਵੈਲਫੇਅਰ ਫੰਡ	1800-00 ਰੁਪਏ
7. ਡਾਇਰੈਕਟੋਰੇਟ ਫੰਡ	240-00 ਰੁਪਏ
8. ਸਾਇੰਸ ਲੈਬਾਂ ਦੀ ਟੂੱਟ-ਭੱਜ	480-00 ਰੁਪਏ
9. ਅਮੈਲਗਾਮੇਟਿਡ ਫੰਡ	960-00 ਰੁਪਏ
10. ਬਿਜਲੀ ਅਤੇ ਜੈਨਰੇਟਰ ਮੈਨਟੀਨੈਂਸ ਫੰਡ	2500-00 ਰੁਪਏ
11. ਪ੍ਰੈਕਟੀਕਲ ਫੀਸ (ਪ੍ਰਤੀ ਵਿਸ਼ਾ)	1200-00 ਰੁਪਏ
12. ਸਪੈਸ਼ਲ ਸਪੋਰਟਸ ਫੰਡ	600-00 ਰੁਪਏ
13. ਸੈਮੀਨਾਰ ਫੰਡ	300-00 ਰੁਪਏ
14. ਵਿਦਿਆਰਥੀ ਭਲਾਈ ਫੰਡ	50-00 ਰੁਪਏ
15. ਸ਼ਨਾਖਤੀ ਕਾਰਡ ਤੇ ਲਾਇਬਰੇਰੀ ਕਾਰਡ ਫੰਡ	100-00 ਰੁਪਏ
16. ਰਸਾਲਾ ਫੰਡ	200-00 ਰੁਪਏ
17. ਮੈਡੀਕਲ ਫੰਡ	50-00 ਰੁਪਏ
18. ਐਮ.ਐਸ.ਟੀ. ਅਤੇ ਕਲਾਸ ਟੈਸਟ	300-00 ਰੁਪਏ
19. ਵਿਦਿਆਰਥੀ ਸਹਾਇਤਾ ਫੰਡ	200-00 ਰੁਪਏ
20. ਸਮਾਗਮ ਫੰਡ	150-00 ਰੁਪਏ
21. ਸਭਾ/ ਸੋਸਾਇਟੀ/ ਕਲੱਬ	50-00 ਰੁਪਏ
22. ਕੈਂਪਸ ਮੈਨਟੀਨੈਂਸ ਫੰਡ	400-00 ਰੁਪਏ
23. ਲਾਇਬਰੇਰੀ ਵਿਕਾਸ ਫੰਡ	500-00 ਰੁਪਏ
24. ਸਕੂਟਰ/ ਮੋਟਰ ਸਾਇਕਲ ਫੀਸ	800-00 ਰੁਪਏ
25. ਯੁਵਕ ਗਤੀਵਿਧੀਆਂ ਫੰਡ	200-00 ਰੁਪਏ
26. ਧਾਰਮਿਕ ਫੰਡ	100-00 ਰੁਪਏ
27. ਕੈਂਪਸ ਮੈਨੇਜਮੈਂਟ ਸਾਫਟਵੇਅਰ ਫੰਡ	100-00 ਰੁਪਏ
28. ਬਲੱਡ ਬੈਂਕ ਫੰਡ	100-00 ਰੁਪਏ
29. ਪੀ.ਟੀ.ਏ. ਫੰਡ	300-00 ਰੁਪਏ
30. ਅਮਾਨਤ ਫੰਡ (Refundable Security) (ਕੇਵਲ ਨਵੇਂ ਵਿਦਿਆਰਥੀਆਂ ਲਈ)	500-00 ਰੁਪਏ
31. ਲੈਬ ਕੋਟ (ਕੇਵਲ ਸਾਇੰਸ ਦੇ ਵਿਦਿਆਰਥੀਆਂ ਲਈ)	300-00 ਰੁਪਏ
32. ਪ੍ਰੀਖਿਆ ਫੀਸ	2900-00 ਰੁਪਏ
(ਪ੍ਰੈਕਟੀਕਲ ਪ੍ਰੀਖਿਆ ਫੀਸ ਸਾਇੰਸ ਦੇ ਵਿਦਿਆਰਥੀਆਂ ਲਈ)	1100-00 ਰੁਪਏ
33. ਪ੍ਰੀਖਿਆ ਫਾਰਮ	200-00 ਰੁਪਏ
34. ਸਪੋਰਟਸ ਵਿੰਗ ਫੀਸ	100-00 ਰੁਪਏ
35. ਕੇਰਿਅਰ ਕਾਉਂਸਿਲਿੰਗ ਸੈੱਲ	400-00 ਰੁਪਏ
36. ਇਮਾਰਤ ਫੰਡ	600-00 ਰੁਪਏ
37. ਪੱਤਰ-ਵਿਹਾਰ	75-00 ਰੁਪਏ
38. ਕਾਲਜ ਫਰਨੀਚਰ	200-00 ਰੁਪਏ
39. ਵਾਟਰ/ ਸੀਵਰੇਜ ਫੰਡ	100-00 ਰੁਪਏ
40. ਅਮਲਾ ਫੰਡ	400-00 ਰੁਪਏ
41. ਟਿਊਸ਼ਨ ਫੀਸ	2000-00 ਰੁਪਏ
(ਸਿਰਫ ਬੀ. ਕਾਮ ਦੇ ਵਿਦਿਆਰਥੀਆਂ ਲਈ)	

(ਏ) ਯੂਨੀਵਰਸਿਟੀ ਫੰਡਜ਼

ਯੂਨੀਵਰਸਿਟੀ/ਪੰਜਾਬ ਸਟੇਟ ਸਪੋਰਟਸ ਕੌਂਸਲ ਦੀਆਂ ਫੀਸਾਂ ਅਤੇ ਫੰਡ ਜੋ ਸਾਰੇ ਵਿਦਿਆਰਥੀਆਂ ਵੱਲੋਂ ਦੇਣ ਯੋਗ ਹਨ:

1. ਰਜਿਸਟਰੇਸ਼ਨ ਫੀਸ	800-00 ਰੁਪਏ
2. ਕੰਟੀਨਿਊਏਸ਼ਨ ਫੀਸ	300-00 ਰੁਪਏ
(ਪਹਿਲਾਂ ਰਜਿਸਟਰ ਹੋਏ ਹਰ ਵਿਦਿਆਰਥੀ ਲਈ)	
3. ਯੂਨੀਵਰਸਿਟੀ ਖੇਡਾਂ ਦੀ ਫੀਸ	500-00 ਰੁਪਏ
4. ਯੁਵਕ ਭਲਾਈ ਫੰਡ	100-00 ਰੁਪਏ
5. ਐਨ.ਐਸ.ਐਸ.	80-00 ਰੁਪਏ
6. ਯੂਨੀ. (ਕਾਲਜ ਡਿਵੈਲਪਮੈਂਟ ਫੰਡ)	120-00 ਰੁਪਏ
7. ਪੰਜਾਬ ਸਟੇਟ ਸਪੋਰਟਸ ਕੌਂਸਲ ਫੀਸ	75-00 ਰੁਪਏ
8. ਯੂਨੀ. ਸਪੋਰਟਸ ਹੋਸਟਲ ਫੰਡ	200-00 ਰੁਪਏ
9. ਪੰਜਾਬੀ ਵਿਕਾਸ ਫੰਡ	75-00 ਰੁਪਏ
10. ਬਲਾਕ ਐਂਟਰੀ ਫੀਸ	50-00 ਰੁਪਏ
11. ਸਪੋਰਟਸ ਇਨਫਰਾਸਟਰਕਚਰ ਡਿਵੈਲਪਮੈਂਟ ਫੰਡ	200-00 ਰੁਪਏ
12. ਸਰਟੀਫਿਕੇਟ/ ਡਿਗਰੀ ਦੀ ਪੜਤਾਲ ਫੀਸ	800-00 ਰੁਪਏ
(ਨਵਾਂ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਲਈ ਯੂਨੀਵਰਸਿਟੀ ਅਨੁਸਾਰ)	
13. ਯੂਨੀਵਰਸਿਟੀ ਮਾਇਗ੍ਰੇਸ਼ਨ ਫੀਸ (ਪੰਜਾਬੀ ਯੂਨੀਵਰਸਿਟੀ ਵਲੋਂ ਨਿਰਧਾਰਿਤ ਫੀਸ)	
14. ਡਿਗਰੀ/ ਮਾਰਕਸ਼ੀਟ	2400-00 ਰੁਪਏ

(ਸ) ਪੰਜਾਬ ਸਰਕਾਰ ਫੰਡਜ਼

1. ਟਿਊਸ਼ਨ ਫੀਸ ਬੀ.ਏ./ ਬੀ.ਐਸਸੀ	450-00 ਰੁਪਏ
2. ਦਾਖ਼ਲਾ ਫੀਸ ਬੀ.ਏ./ ਬੀ.ਐਸਸੀ	50-00 ਰੁਪਏ
3. ਪੰਜਾਬ ਕਾਲਜ ਸਰੀਰਕ ਸਿੱਖਿਆ ਵਿਕਾਸ ਫੰਡ	75-00 ਰੁਪਏ
4. ਪੰਜਾਬ ਸਟੇਟ ਉਚੇਰੀ ਸਿੱਖਿਆ ਫੰਡ	20-00 ਰੁਪਏ
5. ਐਨ.ਸੀ.ਸੀ. ਫੰਡ	10-00 ਰੁਪਏ
6. ਰੈਡ ਕਰਾਸ ਫੰਡ	24-00 ਰੁਪਏ

ਨੋਟ:

* **ਇੱਕ ਵਾਰ ਜਮ੍ਹਾਂ ਕਰਵਾਈ ਹੋਈ ਫੀਸ ਵਾਪਸ ਨਹੀ ਹੋਵੇਗੀ।**
* **ਜੇਕਰ ਵਿਦਿਆਰਥੀ ਚਾਲੂ ਸ਼ੈਸ਼ਨ ਦੇ ਦੌਰਾਨ ਵਿਚਕਾਰ ਪੜ੍ਹਾਈ ਛੱਡ ਕੇ ਜਾਂਦਾ ਹੈ ਤਾਂ ਵਿਦਿਆਰਥੀ ਦੀ ਫੀਸ ਵਾਪਿਸ ਨਹੀਂ ਹੋਵੇਗੀ।**
* **ਫੀਸ ਵਾਪਸੀ ਵਿਦਿਆਰਥੀ ਵੱਲੋਂ ਛੱਡੀ ਸੀਟ ਦੇ ਭਰ ਜਾਣ 'ਤੇ ਸ਼ਰਤਾਂ ਮੁਤਾਬਿਕ ਹੋਵੇਗੀ।**
* **ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ/ ਪੰਜਾਬ ਯੂਨੀਵਰਸਿਟੀ, ਪਟਿਆਲਾ/ ਪੰਜਾਬ ਸਰਕਾਰ ਵਲੋਂ ਜੇਕਰ ਫੀਸ ਜਾਂ ਕੋਈ ਫੰਡ ਦੀ ਰਕਮ ਵਧਾਈ ਜਾਂਦੀ ਹੈ ਤਾਂ ਵਿਦਿਆਰਥੀ ਨੂੰ ਵਧੀ ਹੋਈ ਫੀਸ ਜਮ੍ਹਾਂ ਕਰਾਉਣੀ ਪਵੇਗੀ।**

ਹੋਰ ਜ਼ਰੂਰੀ ਹਿਦਾਇਤਾਂ:

1. **ਮਾਈਗਰੇਸ਼ਨ ਫੀਸ ਯੂਨੀਵਰਸਿਟੀ/ ਕਾਲਜ ਨਿਯਮਾਂ ਮੁਤਾਬਕ ਲਈ ਜਾਵੇਗੀ।**
2. **ਵਿਦਿਆਰਥੀ ਸਕਿਓਰਟੀ ਦੀ ਵਾਪਸੀ ਲਈ ਨਿਰਧਾਰਿਤ ਪ੍ਰੋਫਾਰਮੇ 'ਤੇ ਕਾਲਜ ਛੱਡਣ ਵਾਲੇ ਸਾਲ 31 ਦਸੰਬਰ ਤੱਕ ਅਰਜ਼ੀ ਦੇ ਸਕਦੇ ਹਨ। ਜਿਹੜੇ ਵਿਦਿਆਰਥੀ ਉਪਰੋਕਤ ਮਿਤੀ ਤੱਕ ਸਕਿਓਰਟੀ ਦੀ ਅਰਜ਼ੀ ਨਹੀਂ ਦੇਣਗੇ ਉਹਨਾਂ ਦੀ ਸਕਿਓਰਟੀ ਆਪਣੇ ਆਪ ਜ਼ਬਤ ਹੋ ਜਾਵੇਗੀ।**
3. **ਵਿਦਿਆਰਥੀ ਕਾਲਜ ਦੀ ਪ੍ਰੀਖਿਆ ਸ਼ਾਖਾ ਨਾਲ ਵਅਟਸਐਪ ਨੰਬਰ 6284647087 ਉਪਰ ਸਪੰਰਕ ਕਰ ਸਕਦੇ ਹਨ। ਪ੍ਰੀਖਿਆ ਸ਼ਾਖਾ ਦਾ ਈਮੇਲ ਆਈ.ਡੀ.** helpdeskexambranch@matagujricollege.org **ਹੈ।**

(i) **ਟਿਊਸ਼ਨ ਫੀਸ ਅਤੇ ਫੰਡ ਰਾਜ ਸਰਕਾਰ/ ਯੂਨੀਵਰਸਿਟੀ/ਕਾਲਜ ਪ੍ਰਬੰਧਕ ਕਮੇਟੀ ਵੱਲੋਂ ਰੀਵਾਈਜ਼ ਕੀਤੇ ਜਾ ਸਕਦੇ ਹਨ। ਇਸ ਸੂਰਤ ਵਿੱਚ ਵਾਧਾ ਵਿਦਿਆਰਥੀ ਵੱਲੋਂ ਅਦਾ ਕਰਨਾ ਜ਼ਰੂਰੀ ਹੋਵੇਗਾ।**

(ii) ਟਿਊਸ਼ਨ ਫੀਸ ਅਤੇ ਹੋਰ ਫੰਡਜ਼ ਆਦਿ ਹਰ ਹਾਲਤ ਵਿਚ ਨਿਸ਼ਚਿਤ ਤਾਰੀਖਾਂ ਅਨੁਸਾਰ ਦੇਣ ਯੋਗ ਹਨ। ਕਲਾਸ ਅਨੁਸਾਰ ਤਾਰੀਖਾਂ ਨੋਟਿਸ ਬੋਰਡ/ ਕਾਲਜ Website ਉੱਤੇ ਵੇਖੀਆਂ ਜਾਣ।

29. ਫੀਸ ਵਾਪਸੀ

29.1 ਕਿਸੇ ਵਿਦਿਆਰਥੀ ਵੱਲੋਂ ਕਾਲਜ ਨੂੰ ਵਾਧੂ ਅਦਾਇਗੀ ਕਰ ਦੇਣ ਦੀ ਹਾਲਤ ਵਿੱਚ ਵਿਦਿਆਰਥੀ ਵੱਲੋਂ ਪ੍ਰਿੰਸੀਪਲ ਸਾਹਿਬ ਨੂੰ ਬੇਨਤੀ ਕਰਨ ਉੱਤੇ, ਫੀਸ ਕਲਰਕ ਅਤੇ ਅਕਾਊਂਟੈਂਟ ਦੇ ਤਸਦੀਕ ਕਰਨ ਉਪਰੰਤ ਫੀਸ ਦੀ Adjustment ਹੋ ਸਕਦੀ ਹੈ।

29.2 **ਕਿਸੇ ਵੀ ਕੋਰਸ ਵਿੱਚ ਦਾਖ਼ਲੇ ਉਪਰੰਤ ਜਮ੍ਹਾਂ ਕਰਵਾਈ ਗਈ ਫੀਸ, ਵਿਦਿਆਰਥੀ ਦੇ ਕੋਰਸ ਅੱਧ ਵਿਚਕਾਰ ਛੱਡ ਜਾਣ ਤੋਂ ਬਾਅਦ ਵਾਪਸ ਨਹੀਂ ਕੀਤੀ ਜਾਵੇਗੀ ।**

ਵਿਸ਼ੇਸ਼ ਨੋਟ:

(1) ਬਿਨ੍ਹਾਂ ਕਿਸੇ ਅਗੇਤੀ ਸੂਚਨਾ ਦੇ ਪ੍ਰਿੰਸੀਪਲ ਦੁਆਰਾ ਪ੍ਰਾਸਪੈਕਟਸ ਵਿੱਚ ਦਿੱਤੇ ਨਿਯਮਾਂ ਵਿਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ ਕੀਤੀ ਜਾ ਸਕਦੀ ਹੈ।

(2) ਦਾਖ਼ਲੇ ਅਤੇ ਹੋਰ ਨਿਯਮਾਂ ਸੰਬੰਧੀ ਕੋਈ ਵੀ ਤਬਦੀਲੀ ਪ੍ਰਿੰਸੀਪਲ ਦੁਆਰਾ ਕੀਤੀ ਜਾ ਸਕਦੀ ਹੈ ਜੋ ਵਿਦਿਆਰਥੀਆਂ ਨੂੰ ਕਾਲਜ ਨੋਟਿਸ ਬੋਰਡ/ LFD TV ਉੱਤੇ ਸਮੇਂ-ਸਮੇਂ ਲਗਾਏ ਨੋਟਿਸਾਂ ਰਾਹੀਂ ਦੱਸੀ ਜਾਵੇਗੀ।

(3) ਕਿਸੇ ਵੀ ਨਿਯਮ ਦੀ ਵਿਆਖਿਆ ਦੀ ਅਸਪਸ਼ਟਤਾ ਸੰਬੰਧੀ ਨਿਰਣਾ ਕਰਨ ਦਾ ਅਧਿਕਾਰ ਕਾਲਜ ਦੇ ਪ੍ਰਿੰਸੀਪਲ ਨੂੰ ਹੋਵੇਗਾ।

(4) ਜਿਸ ਵਿਦਿਆਰਥੀ/ ਖਿਡਾਰੀ ਨੂੰ ਗੰਭੀਰ ਅਨੁਸ਼ਾਸਨਹੀਣਤਾ ਲਈ ਸਜ਼ਾ ਮਿਲੀ ਹੋਵੇ ਉਸ ਨੂੰ ਕਿਸੇ ਵੀ ਸਨਮਾਨ/ ਸਕਾਲਰਸ਼ਿਪ ਦੇ ਯੋਗ ਨਹੀਂ ਮੰਨਿਆ ਜਾਵੇਗਾ।

(5) ਕਾਲਜ ਦੇ ਅਨੁਸ਼ਾਸਨ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀ/ ਖਿਡਾਰੀ ਨੂੰ ਦਿੱਤੀਆਂ ਸਾਰੀਆਂ ਰਿਆਇਤਾਂ ਅਤੇ ਵਜ਼ੀਫੇ ਬੰਦ ਕਰ ਦਿੱਤੇ ਜਾਣਗੇ/ ਵਾਪਸ ਲੈ ਲਏ ਜਾਣਗੇ।

Life @ Campus

Mata Gujri College
Sri Fatehgarh Sahib
Internship-2018

BLOOD DONATION CAMP
NSS UNIT

ANNUAL
USTAD ALLA RAKHA SANGEET SAMMELAN

Life @ Campus

ਕਾਲਜ ਵਿੱਚ ਉਪਲੱਬਧ ਕੋਰਸਾਂ ਦੀ ਵਧੇਰੇ ਜਾਣਕਾਰੀ ਲਈ ਸੰਪਰਕ :

ਕੋਰਸ	ਅਧਿਆਪਕਾਂ ਦੇ ਨਾਮ	ਫੋਨ ਨੰਬਰ
ਐਮ.ਸੀ.ਏ. ਅਤੇ ਬੀ.ਸੀ.ਏ.	ਪ੍ਰੋ. ਰਸ਼ਮੀ ਅਰੋੜਾ/ਡਾ. ਨਵਦੀਪ ਸਿੰਘ	9855101863/9988002245
ਐਮ.ਬੀ.ਏ. ਅਤੇ ਬੀ.ਬੀ.ਏ.	ਪ੍ਰੋ. ਕਮਲਪ੍ਰੀਤ ਕੌਰ/ਪ੍ਰੋ. ਸ਼ਿਵਾਨੀ ਬੈਕਟਰ	9876173019/8146700473
ਐਮ.ਐਸਸੀ. ਅਤੇ ਬੀ.ਐਸਸੀ. (ਆਨਰਜ਼) ਬੋਟਨੀ	ਪ੍ਰੋ. ਲਵਨੀਤ ਕੌਰ/ਪ੍ਰੋ. ਵਿਜੇ ਸਿੰਘ	9501677099/8054323424
ਐਮ.ਐਸਸੀ. ਮੈਥਾਮੈਟਿਕਸ, ਬੀ.ਐਸਸੀ. (ਸੀ.ਐਸ.ਐਮ.)	ਪ੍ਰੋ. ਨਮਿਤਾ ਬੇਰੀ/ਪ੍ਰੋ. ਰਜਿੰਦਰ ਪਾਲ	9815670540/9501621144
ਬੀ.ਐਸਸੀ. (ਆਨਰਜ਼ ਸਕੂਲ) ਮੈਥ	ਪ੍ਰੋ. ਸ਼ਾਮ ਬਾਂਸਲ	9041964995
ਐਮ.ਐਸਸੀ. ਅਤੇ ਬੀ.ਐਸਸੀ. (ਬਾਇਓ-ਟੈਕਨਾਲੋਜੀ)	ਡਾ. ਜਗਦੀਸ਼ ਸਿੰਘ/ਡਾ. ਨੀਤੂ ਤ੍ਰੇਹਨ	9464654301/9988005285
ਐਮ.ਐਸਸੀ. ਫੂਡ ਟੈਕਨਾਲੋਜੀ ਅਤੇ ਐਮ.ਐਸਸੀ. ਮਾਇਕਰੋਬਾਇਓਲੋਜੀ	ਡਾ. ਅਜੇ ਸਿੰਘ/ਡਾ. ਸੌਰਵ ਗੁਪਤਾ	9041379566/9815623983
ਐਮ.ਐਸਸੀ. ਕੈਮਿਸਟਰੀ, ਬੀ.ਐਸਸੀ. (ਆਨਰਜ਼ ਸਕੂਲ) ਕੈਮਿਸਟਰੀ	ਡਾ. ਕਮਲਪ੍ਰੀਤ ਕੌਰ/ਡਾ. ਕੁਲਦੀਪ ਕੌਰ	7083104990/8427500475
ਬੀ.ਐਸਸੀ. (ਨਾਨ-ਮੈਡੀਕਲ) ਐਮ.ਐਸਸੀ. ਫਿਜ਼ਿਕਸ, ਬੀ.ਐਸਸੀ. (ਆਨਰਜ਼ ਸਕੂਲ) ਫਿਜ਼ਿਕਸ	ਡਾ. ਤੇਜਿੰਦਰ ਸਿੰਘ/ਡਾ. ਰਮਨੀਕ ਕੌਰ	9781986678/8288008845
ਐਮ.ਐਸਸੀ. (ਆਈ.ਟੀ.) ਅਤੇ ਐਮ.ਐਸਸੀ. (ਲੇਟਰਲ ਐਂਟਰੀ)	ਪ੍ਰੋ. ਦਵਿੰਦਰ ਸਿੰਘ/ਪ੍ਰੋ. ਹਰਸਿਮਰਤ ਕੌਰ	9855012272/9814744337
ਬੀ.ਐਸਸੀ. / ਐਮ.ਐਸਸੀ. ਐਗਰੀਕਲਚਰ	ਡਾ. ਦਲੀਪ ਸਿੰਘ / ਡਾ. ਸੰਦੀਪ ਕੁਮਾਰ ਸਿੰਘ	7009255271/9882238194
ਐਮ. ਕਾਮ., ਬੀ. ਕਾਮ. (ਆਨਰਜ਼)	ਪ੍ਰੋ. ਮੁਹੰਮਦ ਅਨਵਰ/ਡਾ. ਹਰਜੀਤ ਕੌਰ	9915725740/7814449000
ਐਮ.ਏ. ਇੰਗਲਿਸ਼	ਪ੍ਰੋ. ਸਤਪ੍ਰੀਤ ਕੌਰ/ ਡਾ. ਗੋਰੀ ਹਾਂਡਾ	9855119695/8146800347
ਐਮ.ਏ. ਪੰਜਾਬੀ	ਡਾ. ਰਾਸ਼ਿਦ ਰਸ਼ੀਦ/ਡਾ. ਜਗਜੀਵਨ ਸਿੰਘ	8837780060/9914301328
ਐਮ.ਏ. ਹਿਸਟਰੀ, ਐਮ.ਏ. ਫਾਈਨ ਆਰਟਸ	ਪ੍ਰੋ. ਹਰਭਿੰਦਰ ਸਿੰਘ/ਪ੍ਰੋ. ਅਵਨੀਤ ਕੌਰ	9417143003/9728795015
ਐਮ.ਏ. ਇਕਨਾਮਿਕਸ	ਜਗਪਾਲ ਸਿੰਘ	8146000699
ਐਮ.ਏ. ਮਿਊਜ਼ਿਕ (ਵੋਕਲ)/ਐਮ.ਏ. ਸਾਈਕਾਲੋਜੀ	ਪ੍ਰੋ. ਸੀਮਾ ਰਾਣੀ/ਡਾ. ਹਰਦੀਪ ਕੌਰ	8196957600/8054849928
ਐਮ.ਏ. ਪੋਲੀਟੀਕਲ ਸਾਇੰਸ	ਡਾ. ਸਤਨਾਮ ਸਿੰਘ	9814188794/9465924358
ਐਮ.ਏ. ਅਤੇ ਬੀ.ਏ. (ਜਰਨਲਿਜ਼ਮ ਅਤੇ ਮਾਸ ਕਮਿਊਨੀਕੇਸ਼ਨ)	ਪ੍ਰੋ. ਰੀਨਾ ਕੌਰ ਢਿੱਲੋਂ	9780022733
ਬੀ.ਵੋਕ. (ਰਿਟੇਲ ਮੈਨੇਜਮੈਂਟ), ਬੀ.ਬੀ.ਏ.	ਪ੍ਰੋ. ਰਤਨੇਸ਼ ਪਾਲ ਸਿੰਘ	9872001218
ਬੀ.ਵੋਕ. (ਸਾਫ਼ਟਵੇਅਰ ਡਿਵੈਲਪਮੈਂਟ)	ਡਾ. ਹਰਜੀਤ ਸਿੰਘ	8847204685
ਬੀ.ਕਾਮ. (ਅਕਾਊਂਟਿੰਗ ਐਂਡ ਫਾਇਨਾਂਸ) ਅਤੇ ਬੀ.ਕਾਮ.	ਪ੍ਰੋ. ਮੁਹੰਮਦ ਅਨਵਰ/ਪ੍ਰੋ. ਰਵਿੰਦਰ ਕੌਰ	9915725740/8146300795
ਐਮ.ਐਸਸੀ. ਜੁਆਲੋਜੀ/ਬੀ.ਐਸਸੀ. (ਆਨਰਜ਼ ਜ਼ੂਆਲੋਜੀ)	ਪ੍ਰੋ. ਪਰਦੀਪ ਕੌਰ	9814345173
ਪੀ.ਜੀ.ਡੀ.ਸੀ.ਏ.	ਪ੍ਰੋ. ਹਰਸਿਮਰਤ ਕੌਰ	9814744337
ਬੀ.ਐਸਸੀ. (ਮੈਡੀਕਲ ਅਤੇ ਨਾਨ ਮੈਡੀਕਲ)	ਪ੍ਰੋ. ਪਰਦੀਪ ਕੌਰ	9814345173
ਬੀ.ਏ.	ਪ੍ਰੋ. ਅਨੁਪ੍ਰੀਤ ਸਿੰਘ ਟਿਵਾਣਾ/ ਡਾ. ਗੁਰਬਾਜ਼ ਸਿੰਘ	9814634512/8699549760

ਕਾਲਜ ਵੱਲੋਂ ਨਿਸ਼ਚਿਤ ਦਾਖ਼ਲੇ ਦੀਆਂ ਵਿਸ਼ੇਸ਼ ਮਿਤੀਆਂ

1.	ਬਿਨ੍ਹਾਂ ਲੇਟ ਫੀਸ	25 ਜੁਲਾਈ 2019 ਤੱਕ
2.	500/- ਰੁਪਏ ਲੇਟ ਫੀਸ ਨਾਲ	31 ਜੁਲਾਈ 2019 ਤੱਕ
3.	1000/- ਰੁਪਏ ਲੇਟ ਫੀਸ ਨਾਲ ਵਿਭਾਗ ਦੇ ਮੁਖੀ ਦੀ ਸਿਫਾਰਿਸ਼ 'ਤੇ	12 ਅਗਸਤ 2019 ਤੱਕ
4.	1500/- ਰੁਪਏ ਲੇਟ ਫੀਸ ਨਾਲ ਡੀਨ ਅਕਾਦਮਿਕ ਦੀ ਸਿਫਾਰਿਸ਼ 'ਤੇ	19 ਅਗਸਤ 2019 ਤੱਕ
4.	2000/- ਰੁਪਏ ਲੇਟ ਫੀਸ ਨਾਲ ਡਾਇਰੈਕਟਰ-ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ	30 ਅਗਸਤ 2019 ਤੱਕ

ਕਾਲਜ ਆਫੀਸ਼ੀਅਲ

ਡਾ. ਰਜਿੰਦਰ ਕੌਰ
ਵਾਈਸ-ਪ੍ਰਿੰਸੀਪਲ (ਅਕਾਦਮਿਕ)
+91-9815306825

ਡਾ. ਰਾਸ਼ਿਦ ਰਸ਼ੀਦ
ਡੀਨ (ਵਿਦਿਆਰਥੀ-ਲੜਕੇ)
+91-8837780060

ਡਾ. ਹਰਵੀਨ ਕੌਰ
ਵਾਈਸ-ਪ੍ਰਿੰਸੀਪਲ (ਪ੍ਰਸ਼ਾਸਨਿਕ)
+91-9855991199

ਡਾ. ਜਗਦੀਸ਼ ਸਿੰਘ
ਡੀਨ (ਰਿਸਰਚ)
+91-9464654301

ਡਾ. ਬਿਕਰਮਜੀਤ ਸਿੰਘ ਸੰਧੂ
ਡੀਨ (ਕਾਮਰਸ) ਅਤੇ ਕੰਟਰੋਲਰ ਪ੍ਰੀਖਿਆਵਾਂ
+91-9501010382

ਪ੍ਰੋ. ਪਰਦੀਪ ਕੌਰ ਸੰਧੂ
ਡੀਨ (ਸਾਇੰਸਜ਼)
+91-9814345173

ਡਾ. ਪਰਮਿੰਦਰ ਕੌਰ ਰੰਧਾਵਾ
ਡੀਨ (ਸਪੋਰਟਸ)
+91-9888222212

ਪ੍ਰੋ. ਜੁਪਿੰਦਰ ਸਿੰਘ
ਡੀਨ (ਅਲੁਮਨਾਈ) ਅਤੇ ਬਰਸਰ
+91-9855825428

ਪ੍ਰੋ. ਨਮਿਤਾ ਬੇਰੀ
ਡੀਨ (ਅਕਾਦਮਿਕ)
+91-9815670540

ਡਾ. ਗੌਰੀ ਹਾਂਡਾ
ਕੋਆਰਡੀਨੇਟਰ (ਆਈ.ਕਿਊ.ਏ.ਸੀ.)
+91-8146800347

ਪ੍ਰੋ. ਸਤਪ੍ਰੀਤ ਕੌਰ
ਡੀਨ (ਵਿਦਿਆਰਥੀ-ਲੜਕੀਆਂ)
+91-9855119695

ਡਾ. ਹਰਜੀਤ ਸਿੰਘ
ਡੀਨ (ਪਲੇਸਮੈਂਟ ਅਤੇ ਕੈਰੀਅਰ ਗਾਇਡੈਂਸ)
+91-8847204685

ਡਾ. ਹਰਮਿੰਦਰ ਸਿੰਘ
ਡੀਨ (ਭਾਸ਼ਾਵਾਂ ਅਤੇ ਸ਼ੋਸ਼ਲ ਸਾਇੰਸਜ਼)
+91-9855021339

ਪ੍ਰੋ. ਅਨੁਪ੍ਰੀਤ ਸਿੰਘ ਟਿਵਾਣਾ
ਡੀਨ (ਸਭਿਆਚਾਰਕ ਮਾਮਲੇ)
ਅਤੇ ਕੋਆਰਡੀਨੇਟਰ (ਯੂ.ਜੀ.ਸੀ.)
+91-98146 34512

ਕਾਲਜ ਸ਼ਬਦ

ਦੇਹ ਸਿਵਾ ਬਰ ਮੋਹਿ ਇਹੈ

ਸੁਭ ਕਰਮਨ ਤੇ ਕਬਹੂੰ ਨ ਟਰੋਂ॥

ਨ ਡਰੋਂ ਅਰਿ ਸੋ ਜਬ ਜਾਇ ਲਰੋਂ

ਨਿਸਚੈ ਕਰ ਆਪਨੀ ਜੀਤ ਕਰੋਂ॥

ਅਰ ਸਿਖ ਹੋਂ ਆਪਨੇ ਹੀ ਮਨ ਕੌ

ਇਹ ਲਾਲਚ ਹਉ ਗੁਨ ਤਉ ਉਚਰੋਂ॥

ਜਬ ਆਵ ਕੀ ਅਉਧ ਨਿਦਾਨ ਬਨੈ

ਅਤ ਹੀ ਰਨ ਮੈ ਤਬ ਜੂਝ ਮਰੋਂ॥

(ਦਸਮ ਗ੍ਰੰਥ, ਪੰਨਾ 127)

AVAILABLE ACADEMIC COURSES

Post Graduate Degree Courses

- M.Sc. Zoology
- M.Sc. Agriculture (Horticulture - Fruit Sci.)
- M.Sc. Agriculture (Genetics & Plant Breeding)
- M.Sc. Agriculture (Agronomy)
- M.Sc. Agriculture (Soil Science)
- M.Sc. Agriculture (Horticulture-Vegetable Sci)
- M.Sc. (Hons.) Bio-Technology
- M.Sc. (Hons.) Micro-Biology
- M.Sc. Botany
- M.Sc. (Hons.) Food Technology
- M.Sc. Information Technology
- M.Sc. Information Technology (Lateral Entry)
- M.Sc. Physics
- M.Sc. Chemistry
- M.Sc. Mathematics
- Master of Business Administration (M.B.A.)
- Master of Computer Application (M.C.A.)
- M.Com.
- M.A. Journalism & Mass Comm.
- M.A. Economics, History, English, Punjabi, Fine Arts
- M.A. Political Science, Music (Vocal), Psychology

Post Graduate Diploma Course

- Post Graduate Diploma in Computer Applications (P.G.D.C.A.)

Community College (Sponsored by UGC)

- Diploma in Dairy Sciences .

Under Graduate Degree Courses

- B.Sc. (Hons.) Chemistry, Botany, Mathematics, Physics, Zoology,
- B.Sc. (Hons.) Agriculture
- B.Sc. (Computer, Statistics & Maths)
- B.Sc. (Hons.) Bio-Tech.
- Bachelor of Science (B.Sc.) Medical & Non-Medical
- Bachelor of Business Administration (B.B.A.)
- Bachelor of Computer Application (B.C.A.)
- B.Com (Hons.)
- B.Com (Accounting & Finance)
- B.Com
- B.A. (Journalism and Mass Communication)
- B.A. (Hons.) English, Economics
- B.A. (with 20 Elective Subjects)

Vocational Courses (Sponsored by UGC)

- B. Vocational (Retail Management)
- B. Vocational (Software Development)
- B. Vocational (Nursery Management)
- B. Vocational (Food Processing)

Job Oriented Add On Courses (At Under Graduate Level)

- Floriculture
- Seed Technology

Short Term Skill Development Course

- Computer Fundamentals

MATA GUJRI COLLEGE

Sri Fatehgarh Sahib

An Autonomous College

Reaccredited with 'A' Grade by NAAC

Covered under 'Star College Scheme' by DBT, GOI

Affiliated to Punjabi University, Patiala

Ph: 01763-504500 Fax: 01763-232247

Admission Helpline Number

Commerce	Science	Arts	Management & Computer	Agriculture
78145-21023	78146-21023	78147-21023	78148-21023	78149-21023

E-mail: info@matagujricollege.org www.matagujricollege.org

₹ 300